ਤਦਬੀਰਾਂਹੈਨ ਜੈਸੇ ਬੀਹਦਾਣਾਤੇ ਈਸਬ ਗੋਲਕਾਂ ਲੁਆਬ
ਅਰ ਕਿਕਰ ਦੀ ਗੂੰਦ ਦੇ ਪਾਣੀ ਨਾਲ ਲੇਪ ਕਰਨਾਂ ॥
ਅਰ ਹਥਾਂ ਪੈਰਾਂ ਨੂੰ ਬਰਫ ਵਿਚ ਰਖਣਾ ਬਹੁਤ ਮੁੜਕੇ ਨੂੰ
ਹਟਾ ਦਿੰਦਾ ਹੈ ॥ ਅਤੇ ਜੇ ਨਕਸੀਰ ਬੰਦ ਕਰਨ ਦੀ ਲੋੜ
ਹੋਵੇ ਤਾਂ ਸਿਰ ਤੇ ਮਥੇ ਉਤੇ ਬਰਫਰਖੇ ਅਰ ਹੱਥ ਪੈਰ ਬੰਨ
ਦੇਵੇਂ ਅਰ ਇਕ ਵੱਟੀ ਖੋਤੇ ਦੀ ਲਿੱਦ ਦੇ ਪਾਣੀ ਵਿਚ ਭਿ-
ਉਂਕੇ ਨੱਕ ਵਿਚਰਖੇ ਜਾਂ ਉਸਦੀ ਇਕ ਬੂੰਦ ਨੱਕ ਵਿਚਪਾਵੇ
ਅਤੇ ਹੋਰ ਜੋ ਦਵਾਵਾਂ ਨਕਸੀਰ ਬੰਦ ਕਰਨ ਦੀਆਂ ਹਨ
ਉਨਾਂ ਨਾਲ ਬੰਦ ਕਰੇਂ ॥ ਅਰ ਜੋ ਨਕਸੀਰ ਦੇ ਬਾਬ
ਵਿਚ ਲਿਖਿਆ ਹੈ ਵਰਤ ਲਵੇ ਅਰ ਸਾਹਿਬਜਖੀਰਾਕਹਿੰ-
ਦੇ ਹਨ ਕਿ ਇਕ ਸ਼ਖਸ ਦੀ ਨਕਸੀਰ ਕਿਸੇਤਦਬੀਰ ਨਾਲ
ਬੰਦ ਨਹੀਂ ਹੁੰਦੀ ਸੀ ਮੈਂਨੇ ਉਸੀ ਤਰਫ ਦੇ ਹਥ ਵਿਚ
ਫਸਦ ਖੋਲ ਦਿਤੀ ਸੀ ਅਰ ਬੀਸ ਦਿਰਮ ਦੇ ਅੰਦਾਜੇ ਸੇ
ਖੂਨ ਨਿਕਾਲਾ ਓਸੇ ਵੇਲੇ ਖੂਨ ਬੰਦ ਹੋਗਿਆ ॥ ਅਰ
ਬਹੁਤਾ ਮੋਹਰਕੇ ਵਿਚ ਸਬਾਤ ਕਹੀਏ ਨੀਂਦ੍ ਆਉਂਦੀ ਹੈ
ਇਸ ਵਾਸਤੇ ਕਿ ਤਰ ਬੁਖਾਰ ਸਿਰ ਵਲ ਜਾਂਦੇ ਹਨ ਅਰ
ਬੀਮਾਰ ਬੇਸੁਰਤ ਹੋ ਜਾਂਦਾ ਹੈ ਸੋ ਭਾਵੇਂਤਿਹਾਇਆਹੀ ਹੋਵੇ
ਪਾਣੀ ਨਹੀਂ ਮੰਗਦਾ ਓਸੇ ਵੇਲੇ ਚਾਹੀਏ ਕਿ ਬੀਮਾਰ ਨੂੰ
ਜਗਾਉਂਦੇ ਰਹੇਂ ਅਰ ਉਚੀਆਂ ਉਚੀਆਂ ਬਾਤਾਂ ਪਾਸਕਰਦੇ
ਰਹੇਂ ਅਰ ਪਟਾਂ ਤੋਂ ਲੈਕੇ ਗਿਟਿਆਂ ਤੀਕਰ ਬੰਨ ਦੇਵੇ ਪਰ
ਐਡੇ ਜੋਰ ਦਾ ਬੰਨੇ ਜੋ ਉਸਨੂੰ ਖਬਰ ਹੋਜਾਵੇ ॥ ਅਤੇ ਜੇ

ਕਰ ਕੋਈ ਬਾਤ ਮਨਾਂ ਕਰਨ ਵਾਲੀ ਨਾ ਹੋਵੇ ਤਾਂ ਨਰਮ ਕਰਨ ਵਾਲੀ ਪੋਟਲੀ ਸੁਚੇਤੇ ਵਾਲੀ ਜਗਾ ਵਿਚ ਰਖਾ ਦੇਵੇ ਕਿਜੋਂਕਿ ਸੁਚੇਤਾ ਖੁਲਕੇ ਆਜਾਵੇ ਅਰ ਗਰਦਨਤੇਮੋਹਰਿਆਂ ਉਪਰ ਅਰ ਮੋਢਜਾਂਦੇ ਵਿਚਕਾਰ ਪੱਛਲੁ ਆਵੇ॥ਅਤੇਜੇਬੇਹੋਸ਼ੀ ਦੇ ਸਬੱਬ ਪਾਨੀ ਨਾ ਮੰਗਦਾ ਹੋਵੇ ਤਾਂ ਘੜੀਘੜੀਪਾਨੀ ਥੋੜਾ ਥੋੜਾਦਿੰਦੇ ਰਹੈਂ ਕਜੋਂਕਿ ਸੰਘ ਨਾ ਸੁਕਜਾਵੇ॥ਅਤੇਜੇਲੋੜ ਪਵੇ ਤਾਂਈਸਬਗੋਲਦਾਲੁਅਬ ਪਤਲਾ ਜਿਹਾ ਜਾਂ ਸ਼ਹਿਦ ਗੁਲਾਬ ਪਾਨੀ ਪਾਕੇ ਜਾਂ ਅਨਾਰਾਂ ਦਾ ਪਾਨੀ ਰਲਾਕੇ ਦੇਣਾ ਚਾਹੀਏ ਅਰ ਥੋੜਾ ਜਿਹਾ ਇੰਬਲੀਦਾ ਭੀ ਮੂੰਹ ਵਿਚ ਰਖਣਾਮੂੰਹ ਨੂ ਤਰ ਰਖਦਾਹੈ ਅਰ ਪਿਆਸ ਦੂਰ ਕਰਦਾ ਹੈ ॥ ਖਬਰਦਾਰੀ ਅਰ ਜੇੜੇ ਬੁਖਾਰ ਇਸ ਤਪ ਵਿਚ ਸਿਰ ਵਲ ਆਉਂਦੇਹਨ ਜਾਂ ਸਫਰਾਵੀ ਹੁੰਦੇ ਹਨ ਜਾਂ ਰਤੂਬੀ ਸੋ ਇਨਾਂ ਵਿਚ ਫਰਕ ਏਹੁਹੈ ਕਿ ਸਫਰਾਵੀ ਬੁਖਾਰਾਂਵਿਚਨੀਂਦਨਹੀਆਉਂਦੀ ਅਰ ਨੱਕ ਖੁਸ਼ਕ ਰਹਿੰਦਾਹੈ ਅਰ ਤਰ ਬੁਖਾਰ ਨੱਕ ਨੂ ਤਰ ਰਖਦੇ ਹਨ ਅਰ ਸਿਰ ਭਾਰਾ ਰਹਿੰਦਾ ਹੈ ਅਰ ਨੀਂਦਤੇ ਬੇਹੋਸ਼ੀ ਸੋ ਮਤਬਲ ਏਹ ਹੈ ਕਿ ਜੋ ਬੁਖਾਰ ਸਿਰ ਵਲ ਜਾਂਦੇ ਹਨ ਜੇ ਕਰ ਤਰ ਹੋਣ ਤਾਂ ਸਿਰ ਉਪਰ ਦੁਧ ਪਾਉਣਾ ਅਤੇ ਗੁਲ ਰੋਗਨ ਯਾ ਰੋਗਨ ਨੀਲੋਫਰ ਬਰਫ ਨਾਲ ਠੰਢਿਆਂ ਕਰਕੇ ਸਿਰ ਉਪਰ ਪਾਉਣਾ ਜੋ ਪਿਆਸ ਬੁਝਾਉਨ-ਵਾਸਤੇ ਚੰਗਾ ਹੁੰਦਾ ਹੈ ਏਹ ਸਭ ਕੰਮ ਨਹੀ ਕਰਨੇ ਚਾਹੀਏ ਕਿਉਕਿ ਸਰ ਸਾਮ ਨਾ ਪੈਦਾ ਹੋਜਾਵੇ ਪਰ ਜੇਕਰ ਬੁਖਾਰ ਸਫਰਾਵੀ ਹੋਣ

ਤਾਂ ਏਹ ਸਭ ਕੰਮ ਕਰਨੇ ਚਾਹੀਦੇ ਹਨ ਜੋ ਰੋਗਨ ਠੰਢਾ ਪਾਣੀ ਤੇ ਦੁਧ ਸਿਰ ਉਪਰ ਪਾਉਣਾ ॥ ਅਰ ਜਿਸ ਵੇਲੇ ਬੁਖਾਰ ਹੋਵੇ ਅਰ ਨੱਕ ਤੇ ਮੂਹ ਲਾਲ ਹੋਵੇ ਚਾਹੀਦਾ ਹੈ ਕਿ ਨਕਸੀਰ ਖੋਲੇ ਜਾਂ ਮਾਦਾ ਪੈਰਾਂ ਵਲ ਖਿਚੇ ਤਾਂਕਿ ਸਿਰ ਨੂ ਤਕਲੀਫ ਨਾ ਪਹੁੰਚੇ ॥ ਅਰ ਜਦ ਮੋਹਰਕੇ ਦੇ ਸਬੱਬ ਸੁਕੀ ਖਿਚ ਸਰੀਰ ਨੂ ਪਵੇ ਜਾਂ ਸਾਹ ਤੰਗ ਆਵੇ ਤਾਂ ਚਾਹੀਏ ਕਿ ਛਾਤੀ ਅਤੇ ਗਰਦਨ ਉਤੇ ਰੋਗਨ ਬਨਫਸਾ ਮੋਮ ਰੋਗਨ ਬਣਾ ਕਰ ਮਲੇ ਅਤੇ ਜੋ ਬਨਫਸਾ ਖਤਮੀ ਸੁਕੀ ਕੁਟ ਛਾਣ ਕਰ ਮੋਮ ਰੋਗਨ ਵਿਚ ਮਿਲਾਕੇ ਵਰਤੇ ਬਹੁਤ ਚੰਗਾ ਹੈ ॥ ਅਰ ਕਦੂ ਦਾ ਟੁਕੜਾ ਅਤੇ ਕੁਲਫੇ ਦੇ ਪਤ੍ਰ ਕੁਟਕੇ ਗੁਲ ਰੋਗਨ ਵਿਚ ਮਿਲਾਕੇ ਛਾਤੀ ਅਤੇ ਗਰਦਨ ਉਪਰ ਲੇਪ ਕਰਨਾ ਸੁਖ ਦਿੰਦਾ ਹੈ ॥ ਅਤੇ ਕਦੀ ਮੋਹਰਕੇ ਵਾਲੇ ਨੂ ਹਾੜਬਾ ਪੈਜਾਂਦਾ ਹੈ (ਅਰਥਾਤ ਬੇਸਬਰੀ ਦੀ ਭੁਖ) ਤਾਂ ਤੁਰੰਜਬੀਨ ਕਦੂ ਦੀਆਂ ਗਿਰੀਆਂ ਖੀਰਿਆਂ ਦੀਆਂ ਗਿਰੀਆਂ ਅਰ ਬਾਦਾਮ ਦੇ ਰੋਗਨ ਦਾ ਕੜਾਹ ਬਣਾਕੇ ਖੁਆਵੇ ਤਾਂ ਉਸਦਾ ਹਾੜਬਾ ਦੂਰ ਹੋਜਾਵੇਗਾ ਅਰ ਜਿਸ ਵੇਲੇ ਉਪਰੋ ਥਲੀ ਛਿੱਕਾਂ ਆਉਣ ਲਗਣ ਅਰ ਉਸਦੇ ਕਰਕੇ ਸਿਰ ਕਮਜੋਰ ਅਰ ਕੁਵੱਤ ਘਟਨ ਲਗੇ ਤਾਂ ਚਾਹੀਏ ਕਿ ਬੀਮਾਰ ਦੀਆਂ ਅਖੀਆਂ ਅਰ ਨੱਕ ਅਰ ਮਥਾ ਮਲੇ ਅਰ ਹੁਕਮ ਕਰਨਾ ਕਿ ਜੋਰੋ ਜੋਰੀ ਡਕਾਰ ਲੇਵੇ ਅਤੇ ਉਸਦੀ ਗਰਦਨ ਅਰ ਉਸਦੀਆ ਵਖੀਆਂ ਖੂਬ ਮਲੇ

ਬਨਫਸਾ ਦੇ ਰੋਗਨ ਨਾਲ ਅਤੇ ਜੇਕਰ ਥੋੜੀਆਂ ਬੂੰਦਾਂ ਬ-
ਨਫਸਾ ਦੇ ਰੋਗਨ ਕੋਸੇ ਕੋਸੇ ਦੀਆਂ ਕੰਨਾਂ ਵਿਚ ਪਾਵੇ ਤਾਂ
ਬਹੁਤ ਚੰਗੀਆਂਹਨ ਅਰ ਨਮਦੇ ਦਾ ਟੁਕੜਾ ਗਰਮ ਕਰ-
ਕੇ ਗਰਦਨ ਦੇ ਪਿਛੇ ਪਰ ਰਖਣਾ ਬੀ ਚੰਗਾ ਹੈ ਅਰ ਘਟਾ
ਮਿਟੀ ਅਰ ਧੂੰਏ ਤੇ ਬਚਣਾ ਚਾਹੀਏ ॥

ਅਰ ਏਹ ਬੀ ਜਰੂਰ ਹੁੰਦਾ ਹੈ ਕਿ ਜਦ ਮੋਹਰਕਾ ਤਪ ਜੋਰ
ਕਰਦਾ ਹੈ ਤਾਂ ਗਸ਼ ਪੈਂਦੀ ਹੈਕਿਉਂਕਿਸਫਰਾ ਮੇਦੇ ਦੇ ਮੂੰਹ
ਉਤੇ ਡਿਗਦਾ ਹੈ ਅਰ ਦਿਲ ਨੂੰ ਉਸ ਨਾਲ ਤਕਲੀਫ ਪਹੁੰ
ਚਦੀ ਹੈ ਉਸ ਵਕਤ ਚਾਹੀਦਾ ਹੈ ਕਿ ਛੇਤੀ ਠੰਢੇ ਪਾਣੀ
ਦੇ ਮੂੰਹ ਛਾਤੀ ਤੇ ਛਿਟੇ ਮਾਰਨੇ ਅਰ ਗੁਲਾਬ ਤੇ ਚੰਨਣ
ਅਰ ਕਫੂਰ ਸੁੰਘਾਏ ਅਰ ਪੱਖਾ ਝੱਲੇ ਅਰ ਢਿਡ ਮਲੇ ਅਰ
ਮੋਢੇ ਬੰਨ੍ਹੇ ਤਾਕਿ ਮਾਦਾ ਉਤਰ ਆਏ ਅਤੇ ਕਦੀ ਇਸ ਬਾਤ
ਦੀ ਲੋੜ ਪੈਦੀਂ ਹੈ ਕਿ ਬੀਮਾਰ ਦੇ ਨੱਕ ਨੂੰ ਕੁਛ ਚਿਰ ਬੰਨੇ
ਅਰ ਯਾ ਉਸ ਦੇ ਮੂੰਹ ਤੇ ਹਥ ਰਖੇ ਤਾਂਕਿ ਗਰਮੀ ਅੰਦਰਲੇ
ਪਾਸੇ ਫਿਰ ਆਏ ਅਰ ਕੁਵਤ ਕੋ ਉਭਾਰੇ ਅਰ ਜੇਕਰ ਸ
ਜਬੀ ਗਰਮ ਪਾਣੀ ਪਾਕੇ ਮੰਘ ਵਿਚ ਪਾਵੇ ਤਾਂਦੋਹਾਂ ਗਲਾਂ
ਵਿਚੋ ਇਕ ਜਰੂਰਹੋਜਾਵੇਗੀ ਕਿ ਜਾਂ ਤਾਂ ਮਾਦਾ ਮੇਧੇ ਵਿਚੋਂ ਹੋਕੇ ਸੁ-
ਚੇ ਦੇ ਰਾਹ ਵਲ ਚਲਿਆ ਜਾਵੇਗਾ ਅਰ ਨਿਕਲ ਜਾਵੇਗਾ ਜਾਂ
ਕੈ ਦੇ ਰਸਤੇ ਨਿਕਲ ਜਾਵੇਗਾ ਅਰ ਗ਼ਸ਼ੀ ਹਟ ਜਾਵੇਗੀ ਜੇ-
ਕਰ ਇਸ ਨਾਲ ਭੀ ਨਾ ਆਰਾਮ ਆਵੇ ਤਾਂ ਤਿੰਨ ਦਿਰਮ
ਸ਼ਰਾਬ ਰਿਹਾਨੀ ਠੰਢੇ ਪਾਣੀ ਵਿਚ ਰਲਾਕੇ ਤਾਲੂ ਵਿਚ ਪਾ

ਦੇਵੇ ਝਟ ਪੱਟ ਹੋਸ਼ ਆਜਾਂਦੀ ਹੈ ਅਰ ਜਦ ਹੋਸ਼ ਵਿਚ ਆਜਾਏ ਜੌਂ ਦਾ ਸਤੂ ਅਰ ਅਨਾਰਦਾਨਾ ਦੇਵੇ ਅਰ ਜਦ ਬੀਮਾਰ ਦੀ ਆਦਤ ਐਸੀ ਹੀ ਹੋਗਈ ਹੈ ਤਾਂ ਇਸ ਕੋਲੋਂ ਪਹਿਲਾ ਜੋ ਤਪ ਦੇ ਗਰਮ ਹੋਨੇ ਦੇ ਵੇਲਾ ਆਪਹੁੰਚਾ ਹੈ ਪਕੀ ਰੋਟੀ ਦੇ ਥੋੜੇ ਲੁਕਮੇ ਗੋਰੇਦੇ ਪਾਣੀ ਯਾ ਅਨਾਰ ਖਟੇ ਦਾ ਪਾਣੀ ਅਰ ਨਿੰਬੂਆਂ ਦਾ ਪਾਣੀ ਭਿਉਂ ਕਰ ਖਿਲਾਏ ਜੋ ਗ਼ਸ਼ੀ ਨਾ ਪੈ ਜਾਏਅਰਜੇੜਾ ੨ ਦੁਖ ਇਸ ਮੇਂ ਹੁੰਦਾਹੈ ਉਨਾਂ ਦੀ ਬਿਧ ਆਪੋ ਆਪਨੀ ਜਗਾ ਵਿਚ ਲਿਖੀ ਹੋਈ ਹੈ॥

ਲੋੜ ਦੇ ਵੇਲੇ ਢੂੰਡ ਕਰ ਵਰਤ ਲੇਵੇ॥

ਬਿਧਿ ਗੋਲੀਆਂ ਦੀ ਜੇੜੀਆਂ ਪਿਆਸ ਹਟਾਉਂਦੀਆਂ ਹਨ॥

ਖੀਰਿਆਂਦੇ ਬੀਜਾਂਦੀਆਂ ਗਿਰੀਆਂ ਕਾਹੂਦੇ ਬੀਜਰੁਬਲਸੂਸ ਅਸਲਅਸੂਸ ਤੁਰੰਜਬੀਨ ਬਰਾਬਰਲੈਕੇ ਅਤੇ ਕੁਟਛਾਨਕਰ ਬੀਹਦਾਨੇ ਦਾ ਲੁਆਬ ਯਾ ਈਸਬਗੋਲ ਦੇ ਲੁਆਬਵਿਚਗੋ-ਲੀਆਂਬਨਾਕਰ ਮੂੰਹ ਵਿਚ ਰਖੇ॥ ਦਵਾ ਦੀ ਬਿਧ ਜੋ ਤ੍ਰੇਹ ਨੂੰ ਹਟਾਉਂਦੀ ਹੈ ਅਰ ਨੀਂਦ ਨੂੰ ਲਿਆਉਂਦੀ ਹੈਖਸਖਾਸ ਦਾ ਸ਼ਰਬਤ ਕਸਆਬ ਵਿਚ ਰਲਾਕਰ ਦੇਵੇ ਜਿਸ ਆਦਮੀ ਨੂੰ ਸਿਧੇ ਲੇਟਣ ਦੀ ਆਦਤ ਪੈ ਜਾਵੇ ਤਾਂ ਉਸ ਨੂੰ ਹੁਕਮ ਦੇਵੇ ਕਿ ਆਦਤ ਬਦਲ ਦੇਵੇ ਕਿਉਂਕਿਸਿਧਾਲੇਟਣਾਂ ਮੂੰਹ ਸੁਕਾ-ਉਂਦਾ ਹੈ ਅਰ ਜੁਬਾਂਨ ਦੀ ਖਹੁਰਾਤਦੇ ਵਾਸਤੇ ਚੰਗੀ ਬਿਧ ਏਹ ਹੈ ਜੋ ਸਵੇਰ ਵੇਲੇ ਬਦਾਮ ਰੋਗਨ ਮੂੰਹ ਵਿਚ ਚੁਲੀ ਭਰਕੇ ਇਕ ਘੜੀ ਰਖਕੇ ਡੋਲਦੇਵੇ ਅਰ ਜੁਬਾਨਨੂੰ ਕਿਸੀ

ਖਹੁਰੇ ਅਰ ਪਾਕੀਜ਼ਾ ਚੀਜ਼ ਨਾਲ ਮਰਦਨ ਕਰੇ ਕਿ ਸਖਤ ਬੁਖਾਰ ਉਸ ਉਤੋਂ ਹਟਜਾਣ ਉਸਥੋਂ ਪਿੱਛੋਂ ਲੁਆਬ਼ਈਸਬ-ਗੋਲ ਯਾ ਸਰਬਤ ਮਿਸਰੀ ਦਾ ਘੁਟ ਘੁਟ ਪਿਆਵੇ ਜੋ ਗਰਮੀ ਦਬੀ ਜਾਵੇ॥ ਫਾਇਦਾ ਮੁਹਰਕਾ ਤਪ ਜਦ ਹਾਦਾ ਹੋ ਜਾਂਤਾ ਹੈ ਉਸਦੀ ਗਰਮੀਂ ਦੇ ਬੁਝਾਨੇ ਵਿੱਚ ਘੱਟ ਨਾ ਕਰੇ ਅਰ ਯੇ ਅਣਜਾਣਾਂ ਦਾ ਕਹਿਣਾ ਹੈ ਜੋ ਇਸ ਵਿੱਚ ਬਹੁਤਾ ਜੋਰ ਨਾ ਦੇਵੇ ਕਿ ਬੋਂਰਾਨ ਦੇਰ ਲਗਾਤਾ ਹੈ ਇਸ ਗਲ ਤੇ ਨਿਸਚਾ ਨਾਕਰੇਂ ਕਿਉਂ ਕਿ ਤਜਰਬਾ ਵਾਲਿਆਂ ਨੇ ਗਰਮੀਂ ਦੇ ਦੱਬਣ ਵਿਚ ਡਰ ਨਹੀਂ ਦਸਿਆ ਅਰ ਬੜਾ ਸੌਖਾ ਹੈ ਸੋ ਚਾਹੀਏ ਕਿ ਤਿਨ ਚਾਰ ਵੇਲੇ ਦਵਾਵਾਂ ਗਰਮੀਂ ਦੱਬਣਦੀਆਂ ਦੇ ਦੇਵੇ॥ ਜੈਸੇ ਕਿ ਮੁਹਮਦ ਜ਼ਿਕਰੀਆ ਨੇ ਕਹਾ ਹੈ ਕਿ ਸਵੇਰੇ ਆਲੂਬੁਖ਼ਾਰੇ ਦਾ ਪਾਂਣੀ ਦੇਣਾਂਅਰ ਫੇਰ ਕਸਕਾਬ ਦੇ ਦੇਵੇਅਰਦੁਪਹਿਰ ਨੂੰ ਖੀਰਿਆਂ ਦਾਂ ਪਾਂਣੀਅਰ ਤਰਬੂਜ਼ ਦੇ ਪਾਣੀਅਰਸੌਣਦੇ ਵੇਲੇ ਲੁਆਬ ਈਸਬਗੋਲਦਾ ਦੇਣਾਂ ਨਿਸਚੇ ਅਰਾਨ ਕਰੇਗਾ ਅਰ ਜੇਕਰ ਕਿਤੇ ਸਿਰਵਿੱਚ ਗਿਰਾਨੀਮਾਲੂਮਹੋਵੇ ਬੂਨਾਂ ਤੇ ਬਨਫਸਾ ਪਕਾਕਰਉਸਦੀ ਹਵਾੜ ਤੇ ਸਿਰ ਝੁਕਾਏ ਅਰ ਪੈਰਾਂ ਵਿੱਚਰਖੇ ਸਿਰ ਹੌਲਾ ਹੋ ਜਾਵੇਗਾ ਅਰ ਮਕਾਨ ਤੇ ਬਿਸਤਰੇ ਦੀ ਤਦਬੀਰ ਤਪਦਿਕ ਦੀ ਫਸਲ ਵਿੱਚ ਦਸਾਂ ਗੇ ਪਰਮੇਸਰ ਦੀ ਕਿਰਪਾਨਾਲ॥

ਤੀਸਰੀ ਤਰਾਂ ਤਪ ਖਾਲਸਾ (ਯਾਨੇ ਤੇਈਆ) ਦਾਇਰਾ ਕੇ ਬਿਯਾਨ ਵਿੱਚ ॥

ਇਸ ਦਾ ਸਬੱਬ ਸਫਰਾਵੀ ਨਿਰਾ ਹੈ ਜੋ ਨਾੜਾਂ ਦੇ ਬਾਹਰ ਗੰਦਾ ਹੋ ਜਾਂਦਾ ਹੈ ਅਰ ਇਸ ਤਪ ਦਾ ਸੁਭਾਉ ਹੈ ਕਿ ਇੱਕ ਦਿਨ ਵਿੱਚ ਛਡਕੇ ਆਉਂਦਾ ਹੈ ਪਰ ਇਸ ਸੂਰਤ ਵਿੱਚ ਦੋ ਮਾਦੇ ਹੁੰਦੇ ਹਨ ਤਾਂ ਰੋਜ਼ ਆਂਉਂਦਾ ਹੈ ਜਿਸ ਤਰਾਂ ਹਕੀਮਾਂ ਨੇ ਕਿਹਾ ਹੈ ਜਦ ਦੋ ਤਪ ਅਕੱਠੇ ਹੋ ਜਾਂਦੇ ਹਨ ਉਨਾਂ ਦੀ ਵਾਰੀ ਹਰ ਰੋਜ਼ ਆਉਦੀ ਹੈ ਯਾ ਤਿਨ ਮਾਦੇਰਲ ਜਾਂਦੇ ਹੈਨ ਤਾਂ ਭੀ ਤਪ ਰੋਜ਼ ਆਉਦਾ ਹੈ ਪਰ ਇੱਕ ਦਿਨ ਘਟ ਅਰ ਦੂਜੇ ਦਿਨ ਵਧ ਜਸੇ ਸਤਰਅਲਗਬ ਆਉਂਦਾ ਹੈ ਅਰ ਉਸਦਾ ਮਾਦਾ ਸਫਰਾ ਅਰਬਲਗਮ ਵਾਰੀ ਦੋਕਿ- ਸਮਾ ਵਿੱਚ ਹੈ ਅਰ ਇਕ ਦਿਨ ਛਡਕੇ ਦੂਜੇ ਦਿਨ ਕਿਉਂ ਜੋਰ ਦਾ ਚੜ੍ਹਦਾ ਹੈ ਇਸਦੀ ਇਹ ਵਜਾ ਹੈ ਕਿ ਤਿੰਨ ਮਾਦੇ ਜਮਾਂ ਹੋ ਜਾਂਦੇ ਹੈਨ ਇਕ ਦਿਨ ਤਾਂ ਇਕ ਮਾਦੇ ਦੀ ਵਾਰੀ ਆਉਂਦੀ ਹੈ ਅਰ ਦੂਜੇ ਦਿਨ ਦੋ ਦੀ ਵਾਰੀ ਹੁੰਦੀ ਹੈ ਅਰ ਦੋ ਦਿਨਾਂ ਵਿੱਚ ਦੂਜਾ ਮਾਦਾ ਦੂਹਰਾਜ਼ੋਰਦਿੰਦਾ ਹੈਅਰਇਸ ਤਪ ਵਿੱਚ ਅਰ ਸਤਰਬ ਅਲਗ ਵਿੱਚ ਫਰਕ ਦੁਖਾਂ ਨਾਲ ਹੋ ਸਕਦਾ ਹੈ ਅਰ ਤਪ ਖਾਲਸ ਦੇ ਅਨੇਕ ਲੱਛਣ ਹੈਨ ਅਰ ਪਹਿਲੇ ਤਾਂ ਯੇਹ ਕਿ ਜਦ ਤਪ ਚੜ੍ਹਨ ਲੱਗੇ ਪਿੱਠ ਵਿੱਚ ਠੰਢ ਫੇਰ ਤਕੜਾ ਕਾਂਬਾ ਪੈਜਾਵੇ ਅਰ ਇਉਂ ਮਾਲੂਮ ਹੋਵੇ ਕਿ ਸੂਈਆਂ ਚੁਭ ਰਹੀਆਂ ਹਨ ਅਰ ਪਾਲਾ ਛੇਤੀ ਹੀਂ

ਹਟ ਜਾਵੇ ਦੂਸਰਾ ਸਰੀਰ ਛੇਤੀ ਗਰਮ ਹੋ ਜਾਵੇ ਅਰ ਇਸ ਦੀ ਗਰਮੀਂ ਮੁਹਰਕੇ ਤੋਂ ਬਿਨਾਂ ਸਾਰਿਆਂ ਤਪਾਂ ਵਿੱਚ ਬਹੁਤਾ ਤੇਜ ਹੋਵੇ ਅਰ ਜਦ ਸਰੀਰਪਰਹਥ ਰਖੇ ਤਪ ਦੀ ਗਰਮੀ ਨਾਲ ਹਥ ਸੜਨ ਲੱਗੇ ਅਰ ਜੇਕਰ ਚਿਰਕਾ ਹਥ ਉਸੇ ਤਰਾਂ ਨਾਲ ਰਖੇ ਉੱਥੋਂ ਦੀ ਗਰਮੀਂ ਘਟ ਹੋ ਜਾਵੇ ਤੀਸਰੇ ਏ ਕਿ ਬੌਲ ਨਾਰੀ ਅਰ ਬਦਬੋ ਅਰ ਪਤਲਾ ਹੋਵੇ ਅਰ ਉਸ ਵਿੱਚ ਕਛਕ ਕੁਆਮ ਹੋ ਅਰ ਬਹੁਤਾ ਇਸ ਤਰਾਂ ਹੁੰਦਾ ਹੈ ਕਿ ਪਹਿਲੇ ਯਾ ਤੀਸਰੇ ਦਿਨ ਪਕਣ ਦਾ ਅਸਰ ਪੇਸ਼ਾਬ ਵਿਚ ਨਜਰਆਵੇ ॥ ਚੌਥੇ ਯੇ ਕਿ ਵਾਰੀ ਦੀ ਪਹਿਲ ਵਿਚਨਬਜਛੋਟੀ ਅਰ ਨਤਾਕਤੀ ਅਰ ਫਰਕ ਵਾਲੀ ਹੁੰਦੀ ਹੈ ਅਤੇ ਥੋੜੇ ਚਿਰ ਵਿਚ ਬਦਲ ਜਾਤੀ ਹੈ ਅਰ ਵਡੀ ਤੇ ਭਾਰੀ ਅਰ ਮੁਖਤਲਿਫ ਹੋਜਾਂਦੀ ਹੈ ਪਾਂਚਵੀ ਯੇਹ ਕਿ ਜਦ ਤਪ ਚੜ੍ਹਦਾ ਹੈ ਤੇ ਟੁਟ ਜਾਂਦਾਹੈ ਬਹੁਤ ਬਾਰਾਂ ਘੜੀਆਂ ਅਰ ਘਟ ਤੋਂ ਘਟ ਚਾਰਘੜੀਆਂਤੋ ਨਹੀਂ ਹੁੰਦਾ॥ ਏਹ ਠੀਕ ਲਛਣ ਹੈ ਜੇ ਐਸਾ ਨਾ ਹੋਵੇ ਤਾਂ ਤਪ ਖਾਲਸਾ ਨਹੀਂ ਹੋਵੇਗਾ॥ ਛੇਵੀਂ ਇਸ ਤਪ ਦੀਆਂ ਸਤ ਵਾਰੀਆਂ ਹੈਨ ਜੇ ਕੋਈ ਇਲਾਜ ਵਿਚ ਭੁਲ ਨਾਂ ਹੋਵੇ ਅਰ ਸਾਇਦ ਚੌਥੀਵਾਰੀ ਮੈ ਹਟ ਜਾਵੇ ਬਹੁਤਾ ਇਸ ਤਰਾਂ ਭੀ ਹੁੰਦਾ ਹੈ ਕਿ ਇਕੋ ਵਾਰੀ ਵਿਚ ਮੁੜਕੇ ਯਾਂ ਇਦ੍ਰੀ ਝਾੜ ਯਾ ਕੈ ਅਰ ਦਸਤ ਸਫ਼ਰਾਵੀ ਦੇ ਸਬਬ ਗੁਜਰ ਜਾਤਾ ਹੈ ॥ ਸਤਵੀਂ ਯੇਰ ਹੈ ਕਿ ਜਦ ਤਾਪ ਉਤਰਨ ਲਗੇ ਮੁੜਕਾ

ਬਹੁਤਾ ਆਵੇ ਅਰ ਜਦ ਤਪਵਿਚਪਾਨੀਪੀਤਾਜਾਵੇਪਿੰਡੇਪਰ
ਤਰੀ ਦਿਸੇ ਕਿ ਮੁੜ੍ਹਕਾ ਆਇਗਾ ਆਠਵੀ ਏਹ ਕਿ ਉਨੀਂਦ੍ਰਾ
ਅਰ ਬੇਕਰਾਰੀ ਅਰ ਪਿਆਸ ਦੀ ਜਿਆਦਤੀ ਅਰ ਗਸ਼
ਅਰ ਕੈ ਅਰ ਦਸਤ ਸਫਰਾਵੀ ਅਰ ਸਦਾਅ ਅਰ ਇਸ ਕੇ
ਮਾਨਿੰਦ ਹੋਰ ਗਲ ਨਾ ਕਰਨੀ ਅਰ ਗੁਸੇਆਦਿਕ ਬਹੁਤੇ
ਹੋਣਾ ਐਪਰ ਤਪ ਲਾਜਮੇ ਦੀ ਬੇਕਰਾਰੀ ਅਰ ਦੁਖਾਂਦੇ ਬ-
ਰਾਬਰਨਹੀਂ ॥ਨਾਵੀਂ ਤਰਾਂ ਏਹ ਹੈਕਿਮਿਰਗੀਦੇਨਾਲਸਿਰ
ਮੈ ਗਿਰਾਨੀ ਨਾ ਹੋਵੇ ਜੇਹੋਵੇਤਾਂ ਘਟ ਹੋਵੇ ਅਰ ਜੁਬਾਨਅਰ
ਮੂੰਹ ਖੁ ਕ ਹੋਵੇ ਅਰ ਸਵਾਦ ਕੌੜਾ ਅਰ ਪਹਿਲੀ ਦੂਜੀ
ਤੀਜੀਵਾਰੀ ਕਾਂਬਾ ਅਰ ਪਾਲਾ ਬਹੁਤ ਜੋਰਨਾਲ ਹੋਵੇ ਫਿਰ
ਜਿਨਾਂ ਚਿਰ ਗੁਜਰੇਗਾ ਓਨਾਹੌਲਾਹੋਜਾਵੇਗਾ ਪਰ ਜਦਪਰ
ਹੇਜ ਨਾ ਰਹੇ ਅਰ ਤਦਬੀਰ ਬਿਗੜ ਜਾਏਗੀ ਤੇ ਮਾਦੇਦੀ
ਮਦਦ ਪਹੁੰਚੇਗੀ ਫਿਰ ਤਪ ਫਿਰਕਾ ਟੁਟੇਗਾ ਅਰ ਬਹੁਤਾ
ਏਹ ਤਪ ਜਵਾਨ ਉਮਰਾਂ ਵਾਲੇ ਨੂੰ ਅਰ ਗਰਮ ਹਵਾ ਵਿਚ
ਅਰ ਓਨਾਂ ਲੋਗਾਂ ਨੂੰ ਜਿਨਾਂਦਾ ਮਿਜਾਜ ਗਰਮ ਖੁਸ਼ਕ ਹੋਵੇ
ਹੁੰਦਾਹੈ ॥ ਅਰ ਖਾਸਖਤਮੁਸ਼ੱਕਤ ਉਠਾਏ ਅਰਬਹੁਤਾਚਿਰ
ਭੁਖਾ ਰਹੇ ਅਰ ਉਨਾਂ ਨੂੰ ਹੁੰਦਾ ਹੈ ਜਿਨਾਂ ਦੇ ਖ ਣ ਪੀਣ
ਵਿਚ ਗਰਮ ਖੁਸ਼ਕ ਚੀਜਾਂ ਬਹੁਤੀਆਂ ਹੋਣ ॥ ਇਲਾਜ ॥
ਰੋਜ ਸਵੇਰੇ ਸਕੰਜਵੀ ਯਾ ਅੰਗੂਰਾਂ ਦਾ ਸਰਬਤ ਯਾਂਸਰਬਤ
ਰੀਵਾਜ ਆਲੂਬੁਖਾਰੇ ਦੀ ਸ਼ਰਾਬ ਅਰ ਜੇਕਰ ਪਿਆਸ ਦਾ
ਜੋਰ ਹੋਵੇ ਤਾਂ ਕੁਲਫੇ ਦੇ ਪਾਣੀ ਆਦਿਕ ਜੋਕੁਛਸਰਦ ਤਰ

ਹੋਵੇ ਦੇ ਦੇਵੇ ਅਰ ਇਸ ਤਪਵਿਚ ਖਟੇ ਮਿਠੇ ਅਨਾਰਾਂ ਦਾ ਪਾਣੀ ਸਭ ਨਾਲੋਂ ਚੰਗਾਹੈ ਜੋ ਛਿਲਕਾਂ ਸਮੇਤ ਨਚੋੜੇ ਅਰ ਥੋੜੀ ਜੇਹੀ ਸਕਰ ਮਿਲਾ ਕਰ ਦੇਵੇ ਜੋ ਗਰਮੀ ਦਬੀ ਜਾਵੇ ਅਰ ਤਬਾ ਨਰਮ ਕਰੋ ਅਰ ਛਾਵੇਂ ਏਥੇ ਸਬਨਾਲੋਂ ਏਹ ਗਾ ਹੈ ਕਿਮਿਜਾਜ਼ ਕੀ ਤਬਾਹੀ ਕੋ ਦਰੁਸਤਕਰੇ ਅਰ ਹਰਾਰਤ ਗਰੀਬਾ ਨੂੰ ਦੁਝਾਏ ਅਰ ਇਸ ਦੇ ਨਾਲ਼ ਮਾਦੇ ਸੇ ਬੇਖਬਰ ਨਾ ਰਹੇ ਯਾਨੇ ਐਸੀ ਤਦਬੀਰ ਕਰਦੇਰਹੇਂ ਜੋ ਮਾਦਾ ਘਟ ਹੋਵੇ ਅਰ ਦਸਤ ਪਕਣ ਦੇ ਪਿਛੋਂ ਦੇਣੇ ਚਾਹੀਏ ਅਰ ਮਾਦੇ ਦੇ ਕਢਣੇ ਅਰ ਤਬਾਦੇ ਵਹਿਨ ਵਿਚ ਰਿਆਯਤ ਰਖੇ ਅਰ ਜੇਕਰ ਤਬਾ ਆਪ ਸੇ ਆਪ ਕਢਣਾ ਚਾਹੇਬੰਦਨਾ ਕਰੇ ਸਗੋਂ ਤਬਾ ਹਰਦਿਨ ਖੁਲ੍ਹਕੇ ਇਕਵਾਰੀ ਯਾ ਦੋ ਵਾਰੀ ਸੁਚੇਤਆਵੇ ਅਰ ਬਰਾਬਰੀ ਕਰਨ ਦੀ ਕੁਛ ਲੋੜ ਨਹੀਂ ਅਰ ਜੇਕਰ ਸੁਚੇਤਾਨਾਆਵੇ ਤਾ ਬਰਾਬਰੀ ਦੀ ਜਰੂਰ ਲੋੜਹੈਜੈਸਾ ਕਿ ਹਕੀਮਾਂਨੇ ਕਿਹਾ ਹੈ ਕਿ ਜੇਕਰ ਕੁਵਤ ਦਫਾ ਕਰੇ ਜਬਤਕ ਤਬੀਯਤ ਨੂੰ ਪਹਿਲਾਂ ਨਰਮਕਰੇ ਨਹੀਂ ਜਵਾਂ ਦਾ ਪਾਣੀ ਅਰ ਜੇਕੁਛ ਗਜਾ ਸੇ ਹੋਵੇ ਨਾਦੇਵੇਅਰਜਿਥੇਕਿਤੇਤਪਨਾਲ ਮਿਰਗੀ ਤੇ ਬੇਕਰਾਰੀ ਹੋਵੇ ਨਰਮ ਹੁਕਨੇ ਸੇ ਯਾ ਸਜਾਫੇ ਮੁਲਾਇਮ ਨਰਮ ਨਾਲ ਤਬਾ ਨਰਮਕਰਨੀ ਚੰਗੀ ਹੈ ਅਰ ਇਸਤਫਰਾਗਮੈਲਾਨਮਾਦਾਕੇ ਮੁਆਫਿਕ ਇਸਤਰਾਂ ਹੁੰਦਾਹੈ ਅਰਜੇਕਰਗਸ਼ ਹੋਣਕੇਕਰਾਈਏ ਜੇਕਰ ਕਿਸੇਗਲਦੀ ਮਨਾ-ਹੀ ਨਾਂਹੋਵੇ ਅਰ ਕੈ ਸੁਖਾਲੀ ਆਵੇਅਰਜੇਕਰ ਆਂਦਰਾਂਵਿਚ

ਨੁਜਜਕਹੀਏ ਪਕਾ ਮਾਦਾ ਅਰ ਗੁੜਗੁੜ ਹੋਵੇ ਜਲਾਬ ਦੇਵੇ ਅਰ ਜੇਕਰ ਪੇਸ਼ਾਬ ਥੋੜਾ ਆਵੇ ਕਜੀਏਨਾਲ ਤਾਂਇੰਦ੍ਰੀਝਾੜ ਪਿਲਾਦੇ ਤੇ ਜੇਕਰ ਪਿੰਡੇ ਤੇ ਬਹੁਤੇ ਬੁਖਾਰ ਹੋਨ ਅਰ ਠੀਕ ਮੁੜਕਾਨਾਆਵੇਤਾਂਮੁੜਕਾ ਲਿਆਵਣ ਵਿਚਘਤਨ ਕਰੇ ਅਰ ਮਾਦਾ ਜੇਕਰ ਕਿਸੇ ਤਰਫ ਮਾਲੂਮ ਨਾ ਹੋਵੇ ਅਰ ਦਸਤਾਂਦੀ ਲੋੜਹੋਵੇਤਾਂ ਦਸਤਾਂਦੇ ਮੁਆਫਿਕ ਸਮਝੇਅਰਇਸਤਦਬੀਰ ਵਿਚ ਗਲ ਏਹ ਹੈ ਕਿ ਵਾਰੀ ਦੇ ਦਿਨ ਜੋ ਚੀਜ ਕਿ ਗਜਾ ਵਰਗੀ ਹੋਵੇ ਜੈਸੇ ਜਵਾਂ ਦੇ ਪਾਣੀ ਦੇ ਆਦਿਕ ਨ ਦੇਵੇ ਅਰ ਖੁਰਫੇ ਦੇ ਬੀਜਾਂ ਪਾਣੀ ਤੇ ਸਕੰਜਬੀ ਯਾ ਇੰਬਲੀ ਦਾ ਪਾਣੀ ਅਰ ਤਰਬੂਜਾਂ ਦੇ ਪਾਣੀ ਆਦਿਕ ਪਰਬਸਕਰੇ ਅਰ ਜੇਕਰ ਬਹੁਤਾਤਕੜਾਹੋਵੇ ਕੁਝਕ ਤਬਾਸੀਰ ਪੀਸਕਰ ਇਨਾਂ ਵਿਚ ਵਧਾ ਲਵੇ ਅਰ ਜਿਸ ਵੇਲੇ ਜਾੜਾ ਅਰ ਕਾਂਬਾ ਹੋਵੇ ਸਿਕੰਜਬੀ ਗਰਮ ਪਾਨੀ ਵਿਚ ਰਲਾ ਕਰ ਦੇਵੇ ਜੋ ਸ਼ਾਇਦ ਕੈ ਆਜਾਏ ਅਰ ਸਫਰਾਵੀ ਮਾਦਾ ਨਿਕਲਜਾਏ ਅਰ ਭਾਵੇਂ ਕੈ ਨਾ ਆਵੇ ਪਰ ਕਚੇ ਉਬਤ ਨਾਲ ਤਪ ਦਾ ਮਾਦਾ ਬਹਿ ਨਿਕਲੇ ਗਲਕਾਹਦੀ ਹਰ ਗਲ ਵਿਚ ਕਾਂਬੇਨੂੰ ਛੇਟੀਅਰਾਮ ਆਉਂਦਾ ਹੈ ਅਰ ਜਿਸ ਵੇਲੇ ਤਪ ਉਤਰ ਜਾਏ ਪੈਰ ਗਰਮ ਪਾਨੀ ਵਿਚ ਰਖੇ ਅਰ ਮਰਦਨਕਰੇ ਕਿ ਤਪਦੀ ਬਾਕੀ ਦੀ ਗਰਮੀ ਸਿਰਦੀ ਖਿਚੀਆਵੇ ਅਰ ਉਸ ਵੇਲੇ ਭੀ ਸਕੰਜਬੀ ਚੰਗੀ ਹੈ ਅਰਸਕੰਜਬੀ ਪੰਜਵੀਤੇਛੇਵੀਂਵਾਰੀ ਦੇ ਦਿਨ ਦੇਵੇ ਬਜੂਰੀ ਹੋਣੀ ਚਾਹੀਏ ਅਰ ਇਸ ਤਪ ਵਿਚ ਸਰਦ ਪਾਨੀ

ਕਾਂਬਾ ਅਰ ਪਾਲਾ ਹਟ ਜਾਣ ਦੇ ਪਿਛੋ ਦੇਣਾ ਚੰਗਾ ਹੈ। ਖਾਸ ਕਰ ਕੇ ਇਸ ਸ਼ਕਲ ਵਿਚ ਜੋ ਝਿਲੀ ਵਿਚਕੋਈ ਗਲ ਮਨੇ ਵਾਲੀ ਨਾ ਹੋਵੇ ਅਰ ਤਪ ਟੁਟਨੇ ਤੋਂ ਪਿਛੋਂ ਜਵਾਂਦਾ ਪਾਣੀ ਮੁਨਾਸਬ ਹੈ ਅਰ ਤਪ ਦੀ ਪਹਿਲ ਤੋਂ ਲੈਕੇ ਜਦ ਸਤਵਾਂ ਦਿਨ ਗੁਜਰਜਾਏ ਹਮਾਮਕਰਨਾ ਚੰਗਾਹੈ ਭਾਵੇਂ ਮਾਦੇਪਕਣ ਦੇ ਨਿਸ਼ਾਨ ਨਾ ਦਿਸਨ ਖਾਸਕਰ ਜਿਸ ਸਖਸਨੂਹਮਾਮਦੀ ਆਦਤਹੋਵੇ॥ ਫਾਇਦਾ॥ਪਹਿਲੇ ਦਿਨਾਂ ਵਿਚ ਸਰਦਾਈਆਂ ਦਾ ਜ਼ੋਰ ਨਾ ਦੇਵ ਪਰ ਜਿਥੇ ਗਰਮੀ ਹਦੋਂ ਬਾਹਰੀ ਨਾਲੋਂ ਬੀ ਵਧੀਕ ਹੋਵੇ ਡਰ ਹੋਵੇ ਕਿ ਮੁਹਰਕਾ ਨ ਹੋ ਜਾਵੇ ਅਰ ਜੇ ਕਰ ਹੋਸਕੇ ਤਾਂ ਵਾਰੀ ਦੇ ਦਿਨ ਗਜ਼ਾ ਨਾ ਦੇਵੇ ਅਰਪੇਟ ਖਾਲੀ ਰਖੇ ਅਰ ਜੇਕਰ ਦੁਪਹਿਰ ਦੇ ਪਿਛੋਂ ਤਪ ਚੜ੍ਹੇ ਤਾਂ ਸਵੇਰੇ ਜਵਾਂਦਾ ਪਾਣੀ ਪਤਲਾ ਜਿਹਾ ਦੇਵੇ ਅਰ ਜੇਕਰ ਰੋਗੀ ਹਿਰਸੀਹੋਵੇ ਯਾਂ ਬਾਲਕਹੋਵੇ ਗਜ਼ਾ ਨਾ ਛਡਸਕੇ ਅਰ ਜਵਾਂ ਦੇ ਪਾਣੀ ਤੇ ਬਸ ਨਾ ਕਰੇਤਾਂ ਨਾਚਾਰ ਮੁਜਵਰਾਤਦੇ ਸਕਤੇ ਹੈਂ ਪਰ ਜਿੰਨਾਂ ਤਪ ਤੋਂ ਪਹਿਲੇ ਦੇਵੇ ਉਤਨਾ ਚੰਗਾ ਹੈ ਅਰ ਜਵਾਂ ਦਾ ਪਾਣੀ ਸਾਰੀਆਂ ਚੀਜਾਂ ਨਾਲੋਂ ਚੰਗਾ ਹੈ ਦੂਸਰੇ ਮੁਜਵਰਾਤ ਜੋ ਇੰਬਲੀ ਅਰ ਅਲੂਚਿਆਂਦਾ ਪਾਣੀ ਤੇ ਅਨਾਰ ਅਰ ਮੈਸੂਕ ਅਰ ਕਦੂ ਤੇ ਕਾਹੂ ਅਰ ਹਰਾ ਧਨੀ ਆਂ ਅਰ ਪਾਲਕ ਅਰ ਮੁੰਗਾਂਦੀਦਾਲ ਅਰ ਚਾਵਲਆਦਿਕ ਜੋ ਕੁਛ ਕਿ ਮੁਨਾਸਬ ਹੋਵੇ ਬਨਾਵੇ ਅਰ ਸਾਰੀਆਂ ਗਜ਼ਾਵਾਂ ਵਿਚ ਖਟਿਆਈ ਦਾ ਮਿਲਾਨਾ ਜਰੂਰੀ ਸਮਝੇ ਜੇਕਰ ਖੰਘ

ਤੇ ਜ਼ੁਕਾਮ ਦੀ ਰੋਕ ਨਾ ਹੋਵੇ ਤਾਂ ਸਲੂਣੇ ਵਿਚ ਬਿਨਾ ਖਟਿ-
ਆਈ ਦੇ ਹੋਰ ਕੁਛ ਨਾ ਡਾਲੇ ਕਿਉਂਕਿ ਇਸ ਗੱਲ ਦਾ
ਡਰ ਹੈ ਕਿ ਹੌਲੇ ਦੇ ਸਬਬ ਸਫਰਾ ਨਾ ਬਨ ਜਾਵੇ ਜੈਸਾਕਿ
ਹਕੀਮਾਂ ਨੇ ਕਿਹਾ ਹੈ ਕਿ ਜੇਕਰ ਮੇਧੇ ਮੇਂ ਕੁਛ ਬੀ ਸਫਰਾ
ਹੁੰਦਾ ਹੈ ਉਸ ਵਿਚ ਕਦੂ ਜਾਕੇ ਸਫਰਾਬਨ ਜਾਂਦਾ ਹੈ ਪਰ
ਉਸ ਵੇਲੇ ਕਿ ਜਿਸ ਵੇਲੇ ਖਟੀ ਚੀਜ਼ ਅੰਗੂਰ ਸੇ ਬਨਾਵੇਂ ॥
ਖਬਰਦਾਰੀ ॥ ਜੇਕਰ ਤਦਬੀਰ ਨਾ ਵਿਗੜੇ ਤਾਂ ਸਤਵਾ-
ਰੀਆਂ ਤੋਂ ਵਧੀਕ ਨਹੀਹੁੰਦੀਆਂ ਅਰ ਚੜਨਤੋਂ ਲੈਕੇ ਟੁਟਣ
ਤਕ ਸਾਰੇ ਚੌਦਾਂ ਦਿਨ ਹੁੰਦੇ ਹਨ ਅਤੇ ਜੇਕਰ ਰੋਗੀਤੋਂ ਬਦ
ਪਰਹੇਜ਼ੀਅਰਹਕੀਮਪਾਸੋ ਇਲਾਜਦੀ ਭੁਲ ਨਾ ਹੋਜਾਏ ਅਰ
ਏਹ ਬੀ ਚਾਹੀਏ ਕਿ ਪੰਜਵੀਂ ਵਾਰੀ ਤੋਂ ਪਿਛੋਂ ਬਹੁਤ ਘਟ
ਗਜ਼ਾ ਅਰ ਬੜੀ ਹੌਲੀ ਦੇਵੇ ਅਰ ਛੇਵੀਂ ਵਾਰੀ ਦੇ ਪਿਛੋਂ ਜੋ
ਅਰਾਮ ਦਾ ਤੇਰੁਵਾਂ ਦਿਨ ਹੈ ਉਸਦਿਨ ਵਿਚ ਜਵਾਂਦਾਪਾਣੀ
ਅਰ ਅਨਾਰਦੇਪਾਣੀ ਪਰ ਬਸ ਕਰੇ ਅਰ ਹੋਰ ਕੋਈ ਗਜ਼ਾ
ਨਾ ਦੇਵੇ ਤਾਕਿ ਸਤਵੀਂ ਵਾਰੀ ਚਿਰ ਬੋਰਾਨ ਪੂਰਾ ਹੋਵੇ ਅਰ
ਪਰਮੇਸਰ ਦੀ ਕ੍ਰਿਪਾ ਨਾਲ ਤਪ ਟੁਟ ਜਾਏ ਅਰ ਸਮਝਨਾ
ਚਾਹੀਏ ਕਿਵਾਰੀਦੇਦਿਨਾਕਿਸੇਤਪਵਿਚਜਲਾਬਨਾਦੇਵੇ ਅਰ
ਗਰਮ ਤਪਾਂਵਿਚਜਿਨਾਂਚਿਰਮੇਵਿਆਂਨਾਲ ਕੰਮ ਨਿਕਲੇ ਓ-
ਨਾ ਚਿਰ ਹੋਰਕੁਛ ਨਾ ਵਰਤੇ ਜੋਬਾਜਿਆਂ ਹਕੀਮਾਂਨੇ ਆਖਿ-
ਆ ਹੈ ਕਿ ਜਿਸ ਦਵਾ ਵਿਚ ਗਰਮੀ ਅਰ ਸਖਤੀ ਧਾਨੇ
ਉਸਵਿਚ ਖੌਹਰਾਪਨਹੋਵੇ ਏਥੇ ਉਸ ਪਾਸੋਂਬਚ ਜਾਨਾ ਚਾਹੀ

ਏ ਕਿ ਤਪ ਮੋਹਰਕਾ ਨਾਹੋਜਾਵੇਅਰਸਿਰਸਾਂਮ ਨਾਪੈਦਾਕਰੇ ਅਰ ਅਮਲਤਾਸ ਦੇ ਗੁਦਾ ਤੇ ਇੰਬਲੀ ਦੇ ਨਾਲ ਯਾ ਕਾ-ਸ਼ਨੀ ਦੇ ਪਾਣੀ ਵਿਚਹਲਕਰਕੇ ਯਾ ਜਵਾਂਦੇਰੇਵੇਦੇ ਪਾਣੀ ਵਿਚ ਰਲਾਕਰ ਦੇਨਾ ਚੰਗਾ ਜਲਾਬ ਹੈ ਅਰ ਜੇਕਰ ਕੁਝਕ ਬਦਾਮ ਰੋਗਨ ਯਾ ਗੁਲਰੋਗਨ ਬੀ ਵਧਾਵੇ ਆਂਦਰਾਂਦੇ ਵਾ-ਸਤੇ ਚੰਗਾਹੈ ਅਰ ਗਰਮ ਤਪਾਂ ਵਿਚ ਪਹਿਲਾਂ ਤੁਰੰਜਬੀ ਨਾਂ ਦੇਵੇ ਅਰ ਜੇਕਰ ਲੋੜ ਪਵੇ ਇੰਬਲੀ ਤੇ ਆਲੂ ਬੁਖਾਰੇ ਦੇ ਪਾਣੀ ਬਗੈਰ ਨਾ ਦੇਵੇ ਅਰ ਜੇਕਰ ਤੁਰੰਜਬੀ ਦੇ ਬਦਲੇ ਸੀਰਖਿਸਤਪਾਉਂਣੀ ਬੜੀ ਚੰਗੀ ਹੈਕਿਉਂਕਿ ਤੁਰੰਜਬੀ ਦੀ ਕਦੂ ਵਾਂਗਰ ਮੇਧੇ ਵਿਚ ਸਫਾ ਹੋਜਾਂਦੀਹੈ ਜੇਕਰ ਉਸ ਵਿਚ ਖਟਿਆਈਨਾਰਲਾਵੇ-ਅਰਮੁਹਮਦ ਜਿਕਰੀਆ ਕਹਿੰਦਾ ਹੈ ਕਿ ਜੇਕਰ ਬਹੁਤੀ ਕਬਤ ਹੋਵੇ ਬੀਸ ਦਿਰਮ ਹਰੜ ਛਿਲੀ ਹੁਈ ਪਕੇ ਪਾਣੀ ਮੈਂ ਇਕ ਰਾਤ ਦਿਨ ਤਰ ਰਖੇ ਫਿਰ ਮਲ ਕਰ ਛਾਨਕਰ ਬੀਸ ਦਿਰਮ ਤੁਰੰਜਬੀ ਉਸਵਿਚ ਰਲਾਕਰ ਅਰਾਮਦੇਦਿਨ ਸਵੇਰ ਵੇਲੇਪੀਵੇ ਚੰਗੀਹੈ ਅਰ ਪਰਹੇਜ ਦੀ ਬਾਤਏਹਹੈ ਕਿਥੋੜਾਜੇਹਾਆਲੂਬੁਖਾਰੇ ਦਾ ਪਾਣੀ ਯਾ ਇੰਬ-ਲੀਦਾ ਪਾਣੀਬੀਪਾਦੇਵੇਜੈਸਾਕਿਹਮਇਸਕੀ ਵਜਾ ਕਹਿ ਚੁਕੇ ਹਾਂਅਰਸੀਰਖਿਸਤਉਸਦੇਬਦਲੇਬੜੀਚੰਗੀਹੈ ਅਰ ਜਦ ਕਿ ਦੌਰਾਂਨਦੇਦਿਨਪਿਛੋਂਕੁਛਗਰਮੀਬਾਕੀ ਰਹੇ ਸਕੰਜਬੀ ਕਾਸ਼-ਨੀ ਦਾ ਪਾਣੀ ਖੀਰਿਆਂਦੇ ਬੀਆਂਦਾ ਪਾਣੀ ਨਾਲ ਰਲਾਕਰ ਦੇਵੇ ਅਰ ਪਰਹੇਜ ਦਾ ਸਿਲਸਿਲਾ ਨਾ ਤੋੜੇ ਜਿਨਾਂਚਿਰ ਕਿ

ਸਾਰੀਗਰਮੀ ਨਾਹਟਜਾਵੇ ਅਰਜਬਗਰਮੀਹਟਜਾਵੇ ਤਿੰਨਾਂ ਦਿਨਾਂ ਤਕ ਇਸਦਾ ਲਿਹਾਜ ਰਖੇ ॥ ਫਿਰ ਹੌਲੀ ਹੌਲੀ ਗ-ਜਾ ਨੂ ਵਧਾਕੇ ਸੁਭਾਉਪਰ ਲੈਆਵੇ ਅਰ ਬਾਕੀਦੀਆਂ ਤਦ-ਬੀਰਾਂ ਜੈਸੇ ਮੂੰਹਦੀ ਖੁਸ਼ਕੀ ਅਰ ਪਿਆਸ ਆਦਿਕ ਦਾ ਹਟਾਉਣਾ ਮੋਹਰਕੇ ਤਪ ਵਿਚ ਵੇਰਵੇ ਨਾਲ ਗੁਜਰ ਚੁਕਾ ਲੋੜ ਮੂਜਬ ਉਥੋਂ ਲਭ ਲਵੇ ॥

ਚੌਥੀ ਤਰਾਂ ਤਪ ਦਾਇਰਾ ਗੈਰ ਖਾਲਸਾ
ਦੇ ਬਿਆਨ ਵਿਚ

ਏਹ ਉਸ ਸਫਰਾ ਨਾਲ ਤਪ ਹੁੰਦਾ ਹੈ ਜੋ ਰਤੂਬਤਨਾਲ ਰਲ ਜਾਏ ਇਤਨਾ ਰਲ ਜਾਏ ਕਿ ਫਰਕ ਨਾ ਮਾਲੂਮ ਹੋਵੇ ਅਰ ਉਸ ਦੇ ਕਈ ਲਛਣ ਹੁੰਦੇ ਹਨ ਇਕਤਾਂ ਏਹ ਕਿ ਇਸ ਵਿਚ ਪਾਲਾ ਅਰ ਕੰਮਣੀ ਤਪ ਖਾਲਸਾ ਪਾਸੋਂ ਚਿਰਕਾ ਰਹੇ ਅਰ ਬਹੁਤਾ ਏਹ ਬੀ ਹੁੰਦਾ ਹੈ ਕਿ ਕੰਬਣੀ ਬਹੁਤੀ ਨਹੀ ਆਉਂਦੀਅਰਗਰਮੀਬਹੁਤ ਤੇਜ ਨਹੀ ਹੁੰਦੀ ਅਰ ਤਪ ਖਾਲਸੇ ਦੀ ਗਰਮੀਨਾਲੋਂਬਹੁਤਘਟ ਹੁੰਦਾ ਹੈ॥ ਦੂਸਰੇ ਏਹ ਕਿ ਵਾਰੀ ਦੀ ਪਹਿਲ ਵਿਚ ਇੰਤਜਾਮ ਨਾ ਹੋਵੇ ਅਰ ਉਸਦੀਵਾਰੀਬਾਰਾਂਘੜੀਆਂਤੋਂ ਵਧੀਕ ਹੈ ਸ਼ਾਇ-ਦ ਕਿ ੨੪ ਯਾ੩੦ ਘੜੀਆਂ ਤਕ ਰੋਗੀ ਤਪ ਵਿਚ ਕਾਬੂ ਰਹੇ ਅਰ ਚਿਰਕਾਅਰਾਮ ਆਵੇ ਜੇ ਅਠਤਾਲੀ ੪੮ ਘੜੀ-ਆਂ ਤਕ ਰਹੇ ਇਸ ਸਬਬ ਏਹ ਗੁਮਾਨ ਹੋਵੇ ਜੋ ਤਪਰਬਾਹੈ ਪਰ ਤਪ ਗਰ ਖਾਲਸਾ ਹੈ ਤੀਸਰੇ ਏਹ ਕਿ ਇਸਦੀ ਵਾਰੀ

ਆਂ ਦੀ ਕੁਛ ਗਿਣਤੀਠੀਕ ਨਹੀਂ ਹੈ ਪਰ ਸਤਾਂ ਵਾਰੀਆਂ ਤੋਂ ਬਹੁਤੀਆਂ ਹੁੰਦੀਆਂ ਹਨ ਜੇਕਰ ਤਦਬੀਰ ਦਰੁਸਤੀ ਅਰ ਖੂਬੀ ਹੋਵੇ॥ ਚੌਥੇ ਏਹ ਕਿ ਮਾਦਾ ਪਕਾ ਚਿਰਕਾ ਮਾਲੂਮਹੋਵੇ ਅਰ ਮੁੜਕਾਖਾਲਸਾ ਪਾਸੋਂਘਟਆਏ ਅਰਸਿਰਵਿਚ ਗਿਰਾ-ਨੀ ਹੋਵੇ ਅਰ ਸਰੀਰ ਲਿਸਾ ਨਾ ਹੋਵੇ ਅਰ ਸੁਸਤੀ ਤੇ ਕਾਹਲੀ ਅਰ ਨੀਂਦ੍ ਨਾ ਆਵੇ ਪਰ ਹਦੋਂ ਬਾਹਰੀ ਨਾ ਹੋਵੇ ਅਰ ਮੇਧੇ ਦੀ ਨਤਾਕਤ ਅਰ ਮੂੰਹ ਬੇਸੁਵਾਦਾ ਹੋਵੇ॥ ਪੰਜਵੀਂ ਏਹ ਕਿ ਪੇਸ਼ਾਬ ਗਾੜ੍ਹਾ ਅਰ ਰੰਗਦਾਰ ਹੋਵੇ ਅਰ ਕਦੀ ਇਸ ਸਬਬ ਨਾਲ ਸਿਰ ਵਿਚ ਗਿਰਾਨੀ ਹੁੰਦੀਹੈ ਅਰ ਮਾਦਾ ਦਿ-ਮਾਗ ਵਲ ਜਾਂਦਾ ਹੈ ਘਟ ਰੰਗ ਯਾ ਚਿਟਾਹੁੰਦਾਹੈਅਰ ਨਬ-ਜ ਵਾਰੀ ਦੀ ਪਹਿਲ ਵਿਚ ਨਤਾਕਤ ਅਰ ਸਗੀਰ ਮੁਤਫਾਵਤ ਹੁੰਦੀਹੈ ਅਰ ਛੇਕੜ ਵਿਚ ਵਖਰੀ ਹੁੰਦੀ ਹੈ ਅਰ ਭਾਰੀ ਅਰ ਕੁਵਤ ਵਿਚ ਇਸਕਦਰ ਵਿਚ ਨਹੀਂ ਹੁੰਦੀਹੈ ਜੈਸੇ ਕਿ ਖਾਲਸਾ ਵਿਚ ਹੁੰਦੀਹੈ ਅਰ ਸਮਝਣਾ ਚਾਹੀਏ ਕਿ ਜੇਕਰ ਸਫਰਾ ਰਤੂਬਤ ਪਰ ਗਾਲਬ ਹੋਗਾ ਉਸਦੇ ਲਖਣ ਖਾਲਸੇ ਦੇ ਲਖਣਾਂ ਦੇ ਨੇੜੇ ੨ ਹੋਨਗੇ ਜੈਸੇ ਵਾਰੀਦੀ ਛੋਟਾਈਅਰ ਨਾਕਸ ਦੀ ਸਖਤੀ ਅਰ ਬਹੁਤਾ ਮੁੜਕਾ ਅਰਪੇਸ਼ਾਬ੍ਤੇਝਾੜੇ ਦੀ ਜਰਦੀ ਅਰ ਮੂੰਹ ਦੀ ਕੁੜੱਤਣ ਅਰ ਖੁਸਕੀ ਅਰ ਪਿ-ਆਸ ਦਾ ਜੋਰ ਭਾਵੇਂ ਕਿਸਤਰਾਂ ਪਰ ਹੋਵੇ ਇਸ ਦੇ ਦੁਖਾਂਦੀ ਸਖਤੀ ਖਾਲਸਾ ਤਪ ਦੀ ਦੁਖਾਂਦੀ ਸਖਤੀ ਕੋਲੋਂ ਘਟ ਰਹਿੰਦੀ ਹੈ ਅਰ ਜੇਕਰ ਰਤੂਬਤ ਸਫਰਾ ਪਰ ਗਾਲਬ ਹੋ ਉਸਦੇ

ਲਛਣ ਬਲਗਮੀ ਕੇ ਲਛਣਾ ਦੇ ਨੇੜੇ ਨੇੜੇ ਹੁੰਦੇ ਹਨ ਅਰ ਜੇਕਰ ਦੋਨੋਂ ਮਾਦੇ ਕੁਵਤ ਵਿਚ ਇਕੋ ਜੇਹੇ ਹੋਂਦੇ ਹਨ ਤਾਂ ਲਛਣ ਭੀ ਅਜਿਹੇ ਹੋਂਦੇ ਹਨ ਕਿ ਵਿਚਕਾਹਵਿਚਕਾਰਹੋਨ ਗੇ ਸੋ ਜਿਸ ਕਦਰ ਵਾਰੀ ਬਾਰਾਂ ਘੜੀਆਂ ਤੋਂ ਵਧ ਹੋਵੇਗੀ ਉਸੀ ਕਦਰ ਤਪ ਖਾਲਸਾ ਸੇ ਦੂਰ ਹੋਵੇਗਾ ॥ ਇਲਾਜ ॥ ਧਿਆਨ ਨਾਲ ਦੇਖੋ ਕਿ ਕੇੜਾ ਮਾਦਾ ਜੋਰਾਵਰ ਹੈ ਉਸੇ ਮੂਜਬ ਇਲਾਜ ਕਰੋ ਜਿਸਤਰਾਂ ਜੇ ਸਫਰਾ ਦਾ ਜੋਰ ਹੈ ਤਾਂ ਉਸਦਾ ਇਲਾਜ ਤਪ ਖਾਲਸੇ ਦੇ ਨੇੜੇ ਨੇੜੇ ਸਮਝੇ ਅਰ ਜੇਕਰ ਰਤੂਬਤ ਦਾ ਜੋਰ ਹੈ ਤਾਂ ਓਸਦਾ ਇਲਾਜ ਨਾਬਿਆ ਬਲਗਮੀ ਦੇ ਨੇੜੇਹੈਗਲਕਾਹਦੀ ਗੈਰ ਖਾਲਸਾਦਾ ਇਲਾਜ ਖਾਲਸਾ ਪਾਸੋਂ ਉਸੀ ਕਦਰ ਫਰਕ ਹੈ ਕਿ ਜਿਸ ਕਦਰ ਇਸਕੋ ਅਰ ਉਸਕੋ ਦੂਰੀ ਹੈ ਅਰ ਸਮਝਲੈ ਕਿ ਜੇਕਰ ਕਾਰੂਰਾ ਗੰਦਾ ਅਰ ਰੰਗਦਾਰ ਹੋਵੇ ਪਹਿਲਾਂ ਫਸਦ ਚੰਗਾਹੈ ਅਰ ਜਦ ਫਸਦ ਕੀਤਾ ਜਾਂਦਾ ਹੈ ਬਰਾਬਰੀ ਦੀ ਕੋਈ ਲੋੜ ਨਹੀ ਪੈਂਦੀ ਅਰ ਜੇਕਰ ਕੋਈ ਰੋਕਣ ਵਾਲੀ ਗਲ ਨਾ ਹੋਵੇ ਤਾਂ ਬਰਾਬਰੀ ਦੇ ਬਗੈਰ ਕੋਈ ਵਾਹਨਹੀਂ ਅਰ ਜਿੰਨਾ ਚਿਰ ਮਾਦਾ ਨਾ ਪਕ ਜਾਵੇ ਜਲਾਬ ਤਕੜਾ ਨਾ ਦੇਵੇ ਬਲਕਿ ਜੇਕਰ ਰਤੂਬਤ ਦਾ ਜੋਰ ਹੋਵੇ ਤਾਂ ਜਲਾਬ ਹੌਲਾਭੀਨਾਦੇਵੇ ਕਿ ਜਿੰਨਾ ਚਿਰ ਮਾਦਾ ਜ਼ਹਿਰ ਨਾ ਹੋਵੇ ਪਰ ਇਸ ਸੂਰਤ ਵਿਚ ਜੋ ਖਿਲਤ ਜਗਾਂ ਬਦਲਨੇ ਲਗੇ ਅਰ ਅਚਵੀ ਪੈਦਾ ਕਰੇ ਇਸ ਹਾਲਤ ਵਿਚ ਨਾਚਾਰ ਦਸਤਾਂਦੀ ਲੋੜ ਪੈਂਦੀ ਹੈ

ਅਰ ਸਮਝਲੈ ਕਿ ਇਸ ਤਪ ਵਿਚ ਸਰਦ ਸ਼ਰਬਤ ਅਰ ਸਰਦ ਗਜਾਵਾਂ ਬਹੁਤੀਆਂ ਨਾ ਦੇਵੇ ਸਗੋਂ ਚਾਹੀਏ ਕਿ ਪ-ਕਾਉਣ ਤੇ ਦਸਤ ਅਰ ਪੇਸ਼ਾਬ ਅਰ ਕੈ ਅਰ ਮੁਸਾਮ ਖੋਲਨੇ ਅਰ ਮੁੜਕਾ ਲਿਆਵਣਾ ਅਰ ਮਾਦੇ ਦੀ ਸਫਾਈ ਵਿਚ ਬਹੁਤ ਯਤਨ ਕ ੇ ਖਾਸਕਰ ਜੇਕਰ ਰਤੂਬਤ ਦਾ ਜ਼ੋਰ ਹੋਵੇ ਯਾ ਸਫਰਾ ਦੇ ਬਰਾਬਰ ਹੋਵੇ ਇਸ ਹਾਲਤ ਵਿਚ ਚੰਗਾ ਇਲਾਜ ਯੇਹ ਹੈ ਕਿ ਦੋ ਤਿੰਨ ਦਿਨ ਪਿਛੋਂ ਖਾਸਕਰ ਵਾਰੀ ਦੀ ਪਹਿਲ ਵਿਚ ਕੈ ਕਰਾਏ ਅਰ ਜੇੜਾ ਮਾਦਾ ਜੋਰ ਵਿਚ ਹੋਵੇ ਉਸਨੂੰ ਕਢਣ ਦੀ ਬੜੀ ਲੋੜ ਹੈ ਅਰ ਇਸੀ ਤਰਾਂ ਗਰਮੀ ਦੀ ਰਿਆਇਤ ਅਰ ਪਕਾਉਣ ਦੀ ਮਦਤ ਅਰ ਜਲਾਬ ਦੀ ਤਜਵੀਜ ਲੋੜਦੇ ਮੁਆਫਿਕ ਕਰ ਸਕਦੇ ਹਨ ਜੈਸੇ ਜੇਕਰ ਅਰਾਮ ਦੀਲੋੜਹੋਵੇ ਜਿਸਤਾਂਖਾਲਸਾ ਕਹੀਏ ਤੇਈਏ ਵਿਚ ਇਲਾਜਦਸਿਆਹੈ ਚੰਗਾ ਹੋਵੇਗਾਲੋੜਮੂਜਬ ਵਰਤ ਲੇਵੇ ਅਰ ਸਰਬਤ ਬਜੂਰੀ ਅਰ ਸਾਦੀ ਸਿਕੰਜਬੀ ਫਾਇਦਾ ਕਰਤੀਹੈ ਅਰ ਜੇਕਰ ਰਤੂਬਤਕੀ ਤਲਤੀਫ ਅਰ ਪਕਾਉਣ ਦੀ ਲੋੜ ਪਵੇ ਜਵਾਂ ਦੇ ਪਾਣੀ ਵਿਚ ਛੋਲੇ ਅਰ ਸੌਂਫ ਅਰ ਸਾਤਰ ਜੂਫਾ ਅਰ ਪੂਦਨਾ ਅਰ ਸੁੰਬਲ ਜੋ ਕੁਛ ਹੋਵੇ ਪਕਾਕਰ ਦੇਵੇ ਅਰ ਜੇਕਰ ਜੌਂ ਅਰ ਛੋਲੇ ਬਰਾਬਰ ਲੈਕਰ ਪਾਣੀ ਜਵਾਂਦੇ ਵਰਗਾ ਬਣਾਵੇ ਬੜਾ ਅਛਾ ਹੈ ਔਰ ਸਿਕੰਜਬੀ ਬਜੂਰੀ ਮੁਅਤਦਿਲ ਯਾਗਰਮ ਯਾ ਗੁਲਕੰਦ ਯਾ ਸਕੰਜਬੀ ਮਿਲਾ ਕਰ ਅਰ ਸੌਂਫਦਾ ਪਾਣੀ ਗੁਲਕੰਦ ਮਿ-

ਲਾਕਰ ਪਕਾਉਣ ਵਾਸਤੇ ਖਾਸ ਕਰਕੇ ਹੈ ਅਰ ਜੇਕਰ ਗੁਲਕੰਦ ਅਸਲੀ ਸੌਂਫ ਦੇ ਕਾੜ੍ਹੇ ਵਿਚ ਯਾਂ ਉਸਦੇ ਅਰਕ ਵਿਚ ਮਿਲਾਕਰ ਛਾਨਕਰ ਅਰ ਸਿਰਕੇ ਵਿਚ ਰਲਾਕਰ ਸਿਕੰਜਬੀ ਮਿਲਾਏ ਕਿ ਮਾਦੇ ਕੀ ਤਲਤੀਫ ਅਰ ਪਕਣੇ ਵਿਚ ਛੇਤੀ ਅਸਰ ਕਰਤੇ ਹੈਂ ॥ ਅਤੇ ਜੇਕਰ ਕਿਤੇ ਰਤੂਬਤ ਦਾ ਜੋਰ ਹੈ ਯਾ ਰਤੂਬਤ ਬਰਾਬਰ ਯਾ ਘਟ ਹੋਵੇ ਚਾਹੀਏ ਕਿ ਗੁਲਕੰਦ ਕੰਦੀ ਵਿਚ ਗਰਮ ਪਾਨੀਦੇ ਮਲੇ ਅਰ ਕੁਛਕ ਸੌਂਫ ਦੇ ਬੀਜ ਉਸ ਵਿਚ ਪਕਾਕਰ ਸਾਫ ਕਰੇ ਅਰ ਸਿਰਕਾ ਪਾਕਰ ਸਿਕੰਜਬੀ ਬਨਾਲਵੇਅਰ ਜਿਸ ਵੇਲੇ ਮਾਦੇ ਪਕਨ ਦਾ ਅਸਰ ਮਾਲੂਮ ਹੋਵੇ ਅਰ ਤਬਾ ਕਬਜ ਹੋਵੇ ਸਹਿਜ ਨਾਲ ਜਲਾਬ ਦੇਵੇ ਅਰ ਏਥੇ ਚੰਗਾ ਜਲਾਬਏਹਹੈ ਗੁਲਕੰਦ ਸਿਕੰਜਬੀਵਿਚ ਰਲਾਵੈ ਅਰ ਥੋੜਾ ਜੇਹਾ ਅਮਲ ਤਾਸ ਦਾ ਗੁਦਾ ਇਸ ਵਿਚ ਘੋਲ ਕੇ ਦੇਵੇ ਅਰ ਹੋ ਸਕੇ ਤਾਂ ਥੋੜੀ ਜੇਹੀ ਤ੍ਰਿਵੀ ਭੀ ਪਾ ਲੇਵੇ ਅਰ ਕੁਰਸ ਬਨਫਸਾ ਅਰ ਅਕਾਸ਼ ਬੇਲਦੀ ਸਰਾਬ ਮੁਆਫਿਕ ਹੈ ਅਰ ਜੇਕਰ ਅਧਾ ਦਿਰਮ ਤਿਰਵੀ ਚਿਟੀਯਾ ਅਧਾਦਿਰਮ ਗਾਰੀਕੂਨ ਯਾਅਧੇ ਦਿਰਮਦੇ ਬਰਾਬਰ ਸਕਮੂਨੀਆਲੈਕਰ ਅਰਸ਼ਰਬਤ ਵਰਦ ਮੁਕਰਰ ਮੈ ਯਾ ਗੁਲਕੰਦ ਮਿਲਾਕਰ ਦੇਵੇ ਜਲਾਬ ਪਤਲਾ ਅਰ ਹੌਲਾ ਹੋ ਜਾਂਦਾ ਹੈ ਅਰ ਜੇਕਰ ਤਿਰਵੀ ਅਰ ਗਾਰੀ ਕਨ ਹਰ ਇਕ ਅਧੇ ਦਿਰਮਕੇ ਬਰਾਬਰ ਹੋਰ ਇਕ ਦਾਗ ਸਕਮੂਨੀਆ ਤਿਨਾਂ ਨੂ ਇਕਠਾ ਕਰਕੇ ਸਰਬਤ ਸਿਕੰਜਬੀ

ਯਾ ਸ਼ਰਬਤ ਗੁਲਾਬ ਵਿਚ ਗੁਨ ਲੇਵੇ ਖੂਬ ਅਮਲ ਕਰਦਾ
ਹੈ ਅਰ ਜੇਕਰ ਤਕੜਾ ਕਰਨਾ ਚਾਹੇ ਅਮਲ ਤਾਸ ਦੀਮਜੂ-
ਨ ਦੇਵੇ ਅਰ ਏਹਬੀ ਸਮਝਲੈ ਕਿ ਜਿੰਨਾ ਚਿਰ ਚੌਦਾਂਦਿਨ
ਗੁਜਰ ਨਾ ਜਾਨ ਜੁਲਾਬ ਤਕੜਾ ਨਾ ਦੇਨਾ ਚਾਹੀਏ ਅਰ
ਦਸਤਾਂ ਦੇ ਪਿਛੇ ਕੁਰਸ ਗੁਲ ਨਿਹਾਇਤ ਚੰਗਾ ਹੈ ॥
ਫਾਇਦਾ ॥ ਕਾਂਬੇ ਦੇ ਵੇਲੇ ਗਰਮ ਪਾਨੀ ਕਪੜੇ ਦੇ ਹੇਠਾਂ
ਰਖੇ ਅਰ ਹਥ ਅਰ ਪਰ ਉਸ ਵਿਚ ਰਖਨਾ ਬਹੁਤ ਚੰਗਾ
ਹੈ ਅਰ ਮਾਦਾ ਪਕਣੇ ਦੇ ਪਿਛੋਂ ਮੁਨਾਸਬ ਹੈ ਅਰ ਪਕਣ
ਤੋਂ ਪਹਿਲਾਂ ਦੁਖਦਾਇਕ ਔਰ ਕਹਿੰਦੇ ਹਨ ਕਿ ਸ਼ਰਾਬ ਸੁ-
ਫ਼ੈਦ ਅਰ ਪਤਲੀ ਗੈਰ ਖਲਸਾ ਵਿਚ ਸ਼ਰਾਬ ਦੇ ਪੀਨਾ
ਵਾਲਿਆਂ ਨੂੰ ਚੰਗੀ ਹੈ ਬਸ਼ਰਤੇ ਕਿ ਇਸ ਬੀਮਾਰੀ ਵਿਚ
ਪਿਆਸ ਅਰਸਿਰ ਯਾ ਅਖ ਵਿਚ ਦਰਦ ਨਾ ਹੋਵੇਨਹੀਂਤਾਂ
ਦੁਖ ਦਿੰਦੀ ਹੈ ਖਾਸਕਰਖਾਲਸੇਤਪ ਵਿਚ ॥ ਅਰਜਿਥੇ
ਕਿਤੇ ਕਿ ਮਾਦਾ ਜਿਗਰਦੇ ਮੁਹਦਬ ਵਿਚ ਝੁਕ ਜਾਵੇ ਅਰ
ਸਜੀ ਪੱਸਲੀਦੇ ਸਿਰ ਤੇ ਬੋਝ ਮਾਲੂਮ ਹੋਵੇ ਇਸ ਸੂਰਤ
ਵਿਚ ਇੰਦ੍ਰੀਝਾੜ ਦਾ ਵਰਤਨਾ ਚੰਗਾ ਹੈ ॥ ਪਰ ਵੋਹ ਇੰਦ੍ਰੀ
ਝਾੜ ਤਕੜਾ ਅਰ ਬਹੁਤਾ ਗਰਮ ਨਾ ਹੋਵੇ ਅਰ ਕਾਸ਼ਨੀਦੇ
ਬੀਜਾਂ ਦਾ ਪਾਨੀ ਤੇ ਸੌਂਫ ਖੀਰਿਆਂ ਤੇ ਖਰਬੂਜਿਆਂ ਦੇ
ਬੀਜਾਂ ਦੀਆਂਗਿਰੀਆਂ ਅਰਸਿਕੰਜਬੀ ਇੰਦ੍ਰੀਝਾੜ ਮੁਆਫ-
ਕਹੈ ਅਰ ਕਰਫਸ ਦੇ ਬੀਜਾਂ ਦਾ ਭੀ ਕੋਈ ਡਰ ਨਹੀਂ ਅਰ
ਜੇ ਕਰ ਸਫਰਾਦਾ ਜੋਰ ਨਾ ਹੋਵੇ ਅਰ ਦੂਸਰੀਆਂ ਤਦ ਬੀਰਾਂ

ਜੈਸੇ ਵਾਰੀ ਦੇ ਦਿਨ ਗਜ਼ਾ ਦਾ ਬੰਦਕਰਨਾਅਰ ਉਸ ਦਿਨ ਵਿੱਚ ਜਲਾਬ ਨਾ ਦੇਨਾ ਅਰ ਸਿਰਸੇ ਬੁਖਾਰ ਦਾ ਜਜ਼ਬ ਕਰਨਾ ਹੋਰ ਗਜ਼ਾਵਾਂ ਖਾਨੀਆਂ ਅਰ ਉਸਦੇ ਸਿਵਾ ਉਨਕਾ ਵੋਹੀ ਹਾਲ ਹੈ ਜੋ ਖਾਲਸੇ ਤਪ ਵਿੱਚ ਗੁਜ਼ਰਿਆ ਹੈ॥ ਕੁਰਸ ਬਨਫਸਾ ਦੀ ਬਿਧ ॥ ਸੁਕੀਆਂ ਬਨਫਸ਼ਾਂ ਦਸ ਦਿਰਮ ਤ੍ਰਿਵੀ ਚਿਟੀ ਇਕ ਦਿਰਮ ਮੁਲੱਠੀ ਆਧਾ ਦਿਰਮ ਸਕਮੂ-ਨੀਆ ਇਕ ਟਾਂਗ ਕੁਟ ਛਾਨ ਕਰ ਪੰਜ ਦਿਰਮ ਲਾਲਸ਼ਕਰ ਰਲਾਕਰ ਗਰਮ ਪਾਨੀ ਦੇ ਨਾਲ ਖੁਲਾਵੇ ॥ ਸ਼ਰਾਬ-ਅਫਸੰਤੀਨ ਦੀ ਬਿਧ॥ ਅਫਸੰਤੀਨ ਰੂਮੀ ਪੰਜ ਦਿਰਮ ਤ੍ਰਿਵੀ ਚਿਟੀ ਛਿਲੀ ਹੋਈ ਦਾ ਦਰੜਾ ਦੋ ਦਿਰਮ ਸੁੰਬਲ ਕਹੀਏ ਬਾਲਛੜ ਇਕ ਦਿਰਮ ਗੁਲਾਬਪੰਦਰਾਂਦਿਰਮ ਤਿੰਨ ਸੇਰ ਪਾਨੀ ਵਿਚ ਉਬਾਲਾ ਦੇਕਰ ਜਦ ਸੇਰ ਭਰ ਬਾਕੀ ਰਹਿਜਾਵੇ ਸਾਫ ਕਰਲਵੇ ਅਰ ਸਵੇਰ ਵੇਲੇਚਾਲੀਸ ਦਿਰਮ ਲੈਕਰ ਦਸ ਦਿਰਮ ਸ਼ਕਰ ਮਿਲਾਕਰ ਦੇਵੇ ਅਰ ਜੇ ਕਰ ਇਕ ਦਿਰਮ ਸੁਹਾਗਾ ਭੀ ਇਸਦੇ ਨਾਲ ਦੇਵੇ ਤਾਂ ਬਹੁਤਾ ਤਕੜਾ ਹੁੰਦਾ ਹੈ॥ ਮਾਜੂਨ ਮਲਤਾਸ ਦੀਬਿਧ॥ ਚਿਟੀ ਤ੍ਰਿਵੀ ਚਾਲੀ ਦਿਰਮ ਬਨਫਸਾ ਤੀਸ ਦਿਰਮ ਨਿਮਕ ਹਿੰਦੀ ਮੁਲੱਠੀ ਹਰਇਕ ਸਤ ਦਿਰਮ ਸੌਂਫ ਅਨੇਸੂਮਸਤਗੀ ਹਰਇਕ ਪੰਜ ਦਿਰਮ ਸਕਮੂਨੀਆ ਦਸ ਦਿਰਮ ਲੱਬ ਅਮਲਤਾਸ ਦਾ ਸੌ ਮਿਸਕਾਲ ਬਦਾਮ ਰੋਗਨ ਚਾਲੀ ਦਿਰਮਖੰਡਅਰਸਹਿਤਹਰ ਇਕ ਸੌ ਮਿਸਕਾਲ ਲੁਬ ਅਮਲ

ਭਾਸ ਨੂ ਸਹਿਦ ਅਰ ਖੰਡਵਿੱਚ ਰਲਾਏ ਅਰਬਾਕੀਦਵਾਵਾਂ ਕੁਟਛਾਨਕਰਬਦਾਮਰੋਗਨਨਾਲਝਸਕਰਉਸ ਵਿਚ ਰਲਾਏ ਖੁਰਾਕ ਪੰਜ ਮਿਸਕਾਲ ਯਾ ਨਿਹਾਇਤ ਸਤਮਿਸਕਾਲ ਤਕ ਕੁਰਸ ਗੁਲ ਜਿਥੇ ਕਿਤੇ ਸਫਰਾ ਦਾ ਜੋਰ ਰਤੂਬਤਪਰ ਹੋਵੇ ਨਫਾ ਕਰਤਾ ਹੈ ਗੁਲਾਬ ਦਸ ਦਿਰਮ ਸੁੰਬਲ ਤਿੰਨ ਦਿਰਮ ਕਾਸ਼ਨੀ ਦੇ ਬੀਜ ਖੀਰਿਆਂ ਦੇ ਬੀਜ ਬਾਦ ਰੰਗ ਹਰ ਇਕ ਚਾਰ ਦਿਰਮ ਅਸਲ ਅਸੂਸ ਪੰਜ ਦਿਰਮ ਕੁਟਛਾਨ ਕਰ ਕੁਰਸ ਬਨਾਏ ਖੁਰਾਕ ਇਕ ਮਿਸਕਾਲ ॥ ਦੂਸਰਾ॥ ਨੁਸਖਾ ਕਿ ਜੇਕਰ ਸਫਰਾ ਅਰ ਬਲਗਮ ਬਰਾਬਰ ਹੋਵੇ ਫਾਇਦਾ ਕਰਤਾ ਹੈ ਗੁਲਾਬ ਦਸ ਦਿਰਮ ਮੁੰਬਲ ਦੋ ਦਿਰਮ ਕਾਸ਼ਨੀ ਦੇ ਬੀਜ ਪੰਜ ਦਿਰਮ ਮਸਤਗੀ ਇਕ ਦਿਰਮ ਖੁਰਾਕ ਇਕ ਮਿਸਕਾਲ ॥ ਖਬਰਦਾਰੀ ॥ ਜਿਸ ਕਦਰ ਛੇਕੜ ਆਵਨ ਲਗੇ ਬਹੁਤੀ ਨਰਮ ਚੀਜ ਦੇਵੇ ਅਰ ਅਰਾਮ ਦੇ ਦਿਨਾ ਜੀਰਬਾਯਾ ਗੋਰਾਵਰ ਯਾਂ ਅਨਾਰਬਾ ਅਰਤਿਤਰਅਰ ਬਟੇਰੇ ਅਰ ਘਰੋਗੀ ਕੁਕੜ ਦਾ ਬੱਚਾ ਦੇਣਾ ਚਾਹੀਏ ਅਰ ਖੇਚਲਤੇ ਵਰਗਸ ਮੁਨਾਸਬ ਨਹੀਂ ਅਰ ਜੇਕਰ ਹੋ ਸਕੇ ਤਾਂ ਵਾਰੀ ਕੇ ਦਿਨ ਜਵਾਂ ਦੇ ਪਾਣੀ ਬਿਨਾਂ ਹੋਰ ਗਜ਼ਾ ਕੋਈ ਨਾ ਦੇਵੇ ਅਰ ਸਿਕੰਜਬੀ ਪਰ ਬਸ ਕਰੇ ਅਰ ਜੇ ਨਾ ਹੋ ਸਕੇ ਤਾਂ ਤਪ ਦੇ ਛੇਕੜ ਵਿੱਚ ਜਵਾਂ ਦਾ ਪਾਣੀ ਸ਼ੱਕਰ ਮਿਲਾਕਰ ਯਾ ਛਾਣ ਦਾ ਪਾਣੀ ਬਦਾਮ ਰੋਗਨ ਤੇ ਸ਼ਕਰ ਮਿਲਾਕਰ ਯਾ ਥੋੜ ਜੇਹਾ ਕਣਕ ਦਾ ਆਟਾ ਭੁੰਨਿਆ ਹੋਇਆ ਠੰਢੇ ਪਾਣੀ ਵਿੱਚ

ਅਰ ਸ਼ਕਰ ਮਿਲਾ ਕਰ ਦੇ ਸਕਤੇ ਹਾਂ ਅਰ ਖਮੀਰੀ ਰੋਟੀ ਦਾ ਟੁਕੜਾ ਮੁਨਾਸਬ ਸ਼ਰਬਤ ਨਾਲ ਮੇਰੀ ਅਕਲ ਅੰਦਰ ਭੁੰਨੇ ਆਟੇ ਕੋਲੋਂ ਚੰਗਾ ਹੈ ਅਰ ਏਹ ਭੀ ਮਾਲੂਮ ਹੋਵੇ ਕਿ ਤਪ ਗੈਰ ਖਾਲਸਾ ਕਦੀ ਛੇਆਂ ਮਹੀਨਿਆਂ ਤਕ ਰਹਿੰਦਾ ਹੈ ਭਾਵੇਂ ਕਿੰਨਾਂ ਚੰਗਾ ਇਲਾਜ ਹੋਵੇ ਇਸ ਲੀਏ ਇਸ ਵਿਚ ਤਿੱਲੀ ਵਧ ਜਾਂਦੀ ਹੈ ਜਿਸਨੂ ਤਾਪ ਤਿਲੀ ਆਖਦੇ ਹੈਨ ਅਰਤਬ ਹਜਅਰ ਸੁਸਤੀ ਉਪਜਤੀ ਹੈ॥ ਪਾਂਚਵੀਂ ਤਰਾਂ ਸਤਰ ਅਲਗਬ ਦੇ ਬਿਆਨ ਵਿਚ॥ ਯੇ ਤਪ ਬਲਗਮ ਔਰ ਸਫਰਾ ਦੀ ਤਰਕੀਬ ਨਾਲ ਪੈਦਾ ਹੋਤਾ ਹੈ ਪਰ ਹਰਇਕ ਗੰਦ ਦਾ ਮਕਾਨ ਵਖੋ ਵਖਰਾ ਹੁੰਦਾ ਹੈ ਅਰ ਉਨਾਂ ਵਿਚ ਫਰਕ ਦਿਸ ਦਾ ਹੈ॥ ਅਰ ਜੋਕਿ ਇਨਾਂ ਖਿਲਤਾਂ ਕੇ ਅੰਦਰ ਕਸਰਤ ਅਰ ਕਿਲਤ ਅਰ ਰਿਕਤ ਅਰ ਗਲਜਤ ਅਰ ਖੂਬ ਮਿਲਨੇ ਯਾਨਾ ਮਿਲਨੇ ਦੀ ਵਜਾ ਨਾਲ ਇਸ ਤਪ ਦੀ ਕੋਈ ਹਦ ਮੁਕਰਰ ਨਹੀਂ ਅਰ ਦੁਖ ਵਖੋ ਵਖਰੇ ਹੁੰਦੇ ਹਨ ਇਸ ਸਬਬ ਨਾਲ ਇਸ ਤਪ ਦੇ ਲੱਛਣ ਇਸਤਰਾਂ ਜੋ ਚਾਹੀਦੇ ਸਨ ਕਦੀ ਭੀ ਨਹੀਂ ਹੋ ਸਕਦੇ ਕਿਉਂਕਿ ਤਪ ਦਾਇਰਾ ਬਲਗਮੀ ਦਾਇਮਾ ਦੇ ਨਾਲ ਰਲ ਜਾਂਦਾ ਹੈ ਅਰ ਬਾਜੇ ਇਸ ਨੂ ਸਤਰਅਲਗਬ ਖਾਲਸ ਕਹਿੰਦੇ ਹਨ ਅਰ ਕਦੀ ਤਪ ਲਾਜਮਾ ਬਲਗਮੀ ਦਾਯਰਾ ਸੇ ਅਰ ਕਦੀ ਤਪ ਦਾਇਰਾ ਬਲਗਮੀ ਦਾਯਰੇ ਨਾਲ ਅਰ ਕਦੀ ਤਪ ਲਾਜਮਾ ਬਲਗਮੀ ਲਾਜਮੇ ਦੇ ਨਾਲ ਅਰ ਕਦੀ ਸਫਰਾ ਬਲਗਮ ਪਰ ਗਾਲਬ ਹੁੰਦਾ ਹੈ

ਯਾ ਦੋਨੋ ਬਰਾਬਰ ਗੱਲਕਾਹਦੀ ਖੁਲੀ ਅਰ ਪੱਕੀ ਨਿਸ਼ਾਨੀ ਯੇਹ ਹੈ ਕਿ ਇਕ ਦਿਨ ਤਾਂ ਤਪ ਬਹੁਤ ਉਚਾ ਅਰ ਨਰਮ ਹੁੰਦਾ ਹੈ ਅਰ ਇਕ ਦਿਨ ਬਹੁਤਾ ਹੌਲਾ ਪਰ ਬਹੁਤ ਗਰਮ ਹੁੰਦਾ ਹੈ ਅਰ ਭੜਕਾਉਂਦਾ ਹੈ ਅਰ ਯੇਹ ਇਸ ਸੂਰਤਵਿਚ ਹੁੰਦਾ ਹੈ ਕਿ ਦੋਨੋ ਮਾਦੇ ਦਾਇਰਾ ਹੋਨ ਕਿਉਂਕਿ ਬਲਗਮੀ ਤਾਂ ਖੁਦ ਹੀ ਹਰ ਰੋਜ਼ ਆਉਂਦਾ ਹੈ ਅਰ ਸਫਰਾਵੀ ਦਾ ਇਹ ਇਕ ਦਿਨ ਛਡਕਰ ਆਉਂਦਾ ਹੈ ਸੋ ਜਿਸ ਰੋਜ ਕਿ ਸਫਰਾਵੀ ਅਰ ਬਲਗਮੀ ਇਕਠੇ ਹੁੰਦੇ ਹਨ ਫਿਰ ਇਕ ਦਿਨ ਸਿਰਫ ਤਪ ਬਲਗਮੀ ਦੇ ਦੁਖ ਹੁੰਦੇਹਨਅਰ ਦੂਸਰੇ ਦਿਨ ਬਲਗਮੀ ਤੇ ਸਫਰਾਵੀ ਦੇ ਦੁਖ ਦੋਨੋ ਇਕਠੇਹੋਜਾਂਦੇ ਹਨ ਅਰ ਇਸ ਬਿਧ ਵਿੱਚ ਨਿਸਚਾ ਬਦਲਨਵਿੱਚਹੋ ਸਕ-ਦਾ ਹੈ ॥ ਅਰ ਅਕਸਰ ਐਸਾ ਹੁੰਦਾ ਹੈ ਕਿ ਇੱਕ ਵਾਰੀ ਵਿੱਚ ਦੋ ਯਾ ਤਿਨ ਵਾਰ ਰੋਮ ਖੜੇ ਹੁੰਦੇ ਹਨ ਕਿਉਂਕਿ ਅਜੇ ਇੱਕ ਤਪ ਦੀ ਵਾਰੀ ਪੂਰੀ ਨਹੀਂਹੋਈ ਅਰ ਦੂਜਾ ਤਪ ਸ਼ੁਰੂ ਹੋ ਗਿਆ ਯਾ ਤਪ ਦੇ ਅੰਦਰ ਹੀ ਦੋਵੇਂ ਮਾਦੇ ਜ਼ੋਰ ਕਰਦੇ ਹਨ ਅਰ ਦੂਸਰੇ ਤਪ ਦੇ ਲੱਛਣ ਤਪ ਦੇ ਦੁਖਾਂ ਮੂਜਬ ਜੇੜੇ ਲਾਜਮੇ ਵਿਚ ਗੁਜਰ ਚੁਕੇ ਲੱਭ ਲਵੇ ਜੈਸੇ ਜਕਰ ਬਲਗਮ ਦਾ ਜ਼ੋਰ ਹੋਵੇ ਤਾਂ ਵਾਰੀਆਂ ਬਹੁਤ ਚਿਰਕੀਆਂ ਅਰ ਰੋਮ ਖੜੇ ਹੋਣੇ ਤੇ ਕਾਂਬਾ ਬਹੁਤ ਨਤਾਕਤੀ ਅਰ ਨਬਜ ਬੜੀ ਦਬੀ ਹੋਈ ਅਰ ਹਥ ਪੈਰ ਸਰਦ ਹੋਨ ਅਰ ਬੜੇ ਚਿਰਕੇ ਗਰਮ ਅਰ ਜੇਕਰ ਸਫਰਾ ਦਾ ਜ਼ਰ ਹੋਵੇ

ਵਾਰੀ ਬਹੁਤ ਹੋਵੀ ਅਰ ਪਿਆਸ ਬਹੁਤੀ ਹੁੰਦੀਹੈ ਤੇ ਮੁੜ੍ਹ-
ਕਾ ਬਹੁਤ ਆਂਵਦਾ ਹੈ ਅਰ ਕਾਂਬਾ ਅਰ ਪਾਲਾ ਬਹੁਤਕੜਾ
ਹੁੰਦਾ ਹੈ ਅਰ ਜਲਦ ਗੁਜਰਤਾ ਹੈ ਅਰ ਪੇਸ਼ਾਬ ਰੰਗਦਾਰ
ਹੁੰਦਾ ਹੈ ਅਰ ਜੇਕਰ ਸਫਰਾ ਅਰ ਬਲਗਮ ਦੋਨੋਂ ਬਰਾਬਰ
ਹੋਨ ਦੁਖ ਬੀ ਬਰਾਬਰ ਮਾਲੂਮ ਹੁੰਦੇਹਨ ਅਰ ਕਦੀ ਸਤਰ
ਅਲਗਬ ਵਿਚ ਮਾਦਾ ਬਲਗਮੀ ਸਫਰਾ ਨੂ ਬੜਾ ਦੁਖ ਦਿੰ-
ਦਾ ਹੈ ਇਸ ਸਬਬ ਸੇ ਸਫਰਾ ਦੀਆਂ ਵਾਰੀਆਂਬੜੀਆਂ ਚਿ-
ਰਕੀਆਂ ਹੋ ਜਾਂਦੀਆਂ ਹਨ ਅਰ ਬੋਰਾਨਵਿੱਚਬੀ ਬੜਾ ਚਿਰ
ਲਗਦਾ ਹੈ ਅਰ ਕਦੀ ਮਾਦਾ ਸਫਰਾ ਬਲਗਮ ਨੂਬਾਰੀ-
ਕ ਕਰਦਾ ਹੈ ਅਰ ਛੇਤੀ ਪਕਾਉਂਦਾ ਹੈ ਇਸ ਸਬਬ ਨਾਲ
ਬਲਗਮੀ ਦੀਆਂ ਵਾਰੀਆਂ ਹੌਲੀਆਂ ਹੋ ਜਾਂਦੀਆਂ ਹਨ
ਬੋਰਨ ਛੇਤੀ ਹੁੰਦਾ ਹੈ ਗਲ ਕਾਹਦੀ ਹਮੀਯਾਤ
ਮੁਰਕਬਾ ਕਹੀਏ ਰਲੇ ਹੋਏ ਤਪ ਹਰ ਗਲ ਵਿਚ ਔਖੇ ਹੁੰਦੇ
ਹਨ ਅਰ ਚਿਰਕੇ ਹਟਦੇ ਹਨ ਅਰਕਦੀ ਸਤਰ ਅਲ-
ਗਬ ਨੌ ਮਹੀਨੇ ਤਕ ਯਾ ਬਹੁਤਾ ਰਹਿੰਦੇ ਹਨ ਅਰ
ਸ਼ਾਇਦ ਕਿ ਹਾਦਾ ਹੋ ਜਾਵੇ ਯਾ ਖਿਚ ਕੇ ਦਿੱਕ ਵਿਚਲੈਜਾਏ
ਇਲਾਜ। ਦਵਾ ਅਰ ਗਜ਼ਾ ਦਾ ਏਹ ਤਰੀਕਾ ਹੇ ਜੋ ਗੈਰ
ਖਾਲਸੇ ਵਿਚ ਦਸਿਆਹੈ ਅਰਇਸ ਜਗਾਂ ਵੇਲੇ ਦੀ ਰਿਆ-
ਇਟ ਅਰ ਖਿਲਤਾਂ ਦਾ ਲਿਹਾਜ ਬਿਆਨ ਕੀਆਗਿਆਅਰ
ਵਾਜਬ ਹੈ ਕਿਗਰਮੀ ਬੁਝਾਨੇ ਸੇ ਦਸਤਾਂਵਿਚਬਹੁਤਾ ਯਤਨ
ਕਰੇ ਅਰ ਯੇ ਆਮ ਹੈ ਕਿ ਇਸਤਫਰਾਗ ਇਸ ਹਾਲ ਸੇ

ਹੋ ਯਾ ਕੈ ਯਾ ਇੰਦ੍ਰੀਛਾੜ ਯਾ ਤਾਰੀਕ ਸੇ ਪਰ ਜਬ ਤਕ ਕਿ
ਮਾਦਾ ਪਕ ਕੇ ਜ਼ਾਹਿਰ ਨਾ ਹੋਵੇ ਜਲਾਬ ਿ ਦਸਤ ਨਾ ਕਰੇ
ਪਰ ਜਦ ਤਬਾ ਕਬਜ ਹੋਵੇ ਮੁਲਯਨਾਤ ਦੇ ਸਕਤੇ ਹੈਂ ਭਾਵੇਂ
ਮਾਦਾ ਪਕਿਆ ਮਾਲੂਮ ਨਾ ਹੋਵੇ ਅਰ ਤਲਿਐਨ ਤਬੀਅਤ
ਕੇ ਵਾਸਤੇ ਇਸ਼ਕ ਪੇਚੇ ਦਾ ਪਾਣੀ ਬਹੁਤ ਉਮਦਾ ਹੈਸੋ ਜੇ-
ਕਰ ਬਲਗ਼ਮ ਦਾ ਜੋਰ ਹੋਵੇ ਗੁਲਕੰਦ ਦੇ ਨਾਲ ਅਰ ਜੇਕਰ
ਸਫ਼ਰਾ ਦਾ ਜੋਰ ਹੋਵੇ ਤੁਰੰਜਬੀ ਯਾ ਸੀਰਖਿਸਤ ਦੇ ਨਾਲ
ਦੇਵੇ ਅਰ ਜੇਕਰ ਦੋਨੋਂ ਬਰਾਬਰ ਹੋਨ ਅਮਲਤਾਸ ਦਾ ਗੁਦਾ
ਤੇ ਇੰਬਲੀ ਦਾ ਪਾਣੀ ਅਰ ਕੁਛਕ ਤ੍ਰਿਵੀ ਕੇ ਸਾਥ ਦੇਵੇ ਅਰ
ਤਾਰੀਕ ਅਰ ਗਜਾ ਅਰ ਪਕਾਉਣਾ ਅਰ ਦਸਤ ਅਰ
ਇੰਦ੍ਰੀਛਾੜ ਦੀ ਓਹੀ ਤਦਬੀਰ ਹੈ ਜੋ ਗੈਰ ਖਾਲਸਾ ਵਿਚ
ਗੁਜਰੀ ਅਰ ਜਾਲੀਨੂਸ ਕਹਿੰਦਾ ਹੈ ਕਿ ਜਵਾਂ ਦਾ ਪਾਣੀ
ਅਰ ਕੁਛਕ ਮਿਰਚ ਮਿਲਾ ਕਰ ਦੇਨਾ ਇਸ ਤਪ ਵਿਚ ਚੰਗਾ
ਹੈ ਖਾਸ ਕਰਕੇ ਜੇ ਬਲਗਮ ਦਾ ਜੋਰ ਹੋਵੇ ॥ ਕੁਰਸ ਗੁਲ ॥
ਜੋ ਇਸ ਤਪ ਵਿੱਚ ਨਫਾ ਕਰਤਾ ਹੈ ਸੁਭਾਵਕ ਜੇਕਰ ਸਫਰਾ
ਗਾਲਬ ਹੋ ਗੁਲਾਬ ਛੇ ਦਿਰਮ ਬੀਜ ਖੰਦ ਦੇ ਬੀਜ ਕਿਕਰ
ਦਾ ਗੂੰਦ ਹਰ ਇਕ ਚਾਰ ਦਿਰਮ ਨਿਸਾਸਤਾ ਜਰਿਸ਼ਕ ਬੀ-
ਦਾਨਾ ਯਾ ਉਸਦਾ ਸਤ ਅਰ ਤਬਾਸੀਰ ਅਰ ਖੁਰਫੇ ਦੇ ਬੀਜ
ਹਰ ਇਕ ਦੋ ਦਿਰਮ ਕਤੀਰਾ ਕੇਸਰ ਸੁੰਬਲ ਰੇਵੰਦਚੀਨੀ ਹਰ
ਇਕ ਇਕ ਦਿਰਮ ਕਾਫ਼ੂਰ ਇਕ ਟਾਂਗ ਖੁਰਾਕ ਇਕ ਦਿਰਮ
॥ ਦੂਸਰਾ ਨੁਸਖਾ ॥ ਕਿ ਜਬ ਇਸ ਤਪ ਦੇ ਨਾਲ ਖਾਂਸੀ ਅਰ

ਪਹਿਲੀ ਤਰਾਂ ਵੋਹਹੈ ਕਿ ਬਲਗਮ ਰਗਾਂ ਦੇ ਬਾਹਰ ਗੰਦੀ ਹੋਜਾਵੇ ਜੈਸਾ ਮੇਧਾ ਅਰ ਦਿਮਾਗ ਅਰ ਫਿਫਰੇਆਦਿਕਜੋੜਾਂ ਵਿਚ ਜੋ ਖਾਲੀ ਹੋਨ ਉਸਕੋ ਨਾਇਬਾ ਮੁਵਾਜਬਾ ਕਹਿੰਦੇ ਹਨ ਕਿਉਂਕਿ ਇਸਦੀ ਵਾਰੀ ਹਰ ਰੋਜ ਆਉਂਦੀ ਹੈ ਅਰ ਬਲਗਮੀਤਪ ਦੇਕਈਲਛਣਹੈਨਇਕ ਤਾਂ ਏਹ ਕਿ ਪਿਸ਼ਾਬ ਸਫੈਦ ਪਾਣੀ ਵਰਗਾਪਤਲਾ ਅਰ ਮਰਜਦੇਘਟਾਵਿਚਲਾਲ ਅਰ ਘਸਮੈਲਾ ਹੋਜਾਏ ਅਰ ਨਬਜ ਕਮਜੋਰ ਤੇ ਭਾਰੀ ਅਰ ਮੁਖਤਲਿਫ ਹੋਵੇ ਅਰ ਅੰਤ ਨੂੰ ਤ੍ਰਿਖੀ ਅਰ ਬਹੁਤ ਮੁਖਤਲਿਫ ਹੋਜਾਵੇ ਤੀਸਰੇ ਯਹ ਕਿ ਪਿਆਸ ਨਾ ਹੋਵੇਪਰਜੇਬਲਗਮ ਸੋਰ ਹੋ ਜਾਏ ਤਾਂ ਪਿਆਸ ਲਗੇ ਕਿਉਂਕਿ ਪਿਆਸ ਲਗਣੀ ਇਸਨੂੰ ਲਾਜਮਹੈ ਪਰਸਫਰਾ ਦੀ ਪਿਆਸ ਦੇ ਬਰਾਬਰ ਨਹੀਂ ਹੋਸਕਦੀਚੌਥੀ ਯੇ ਕਿ ਤਪਦੀ ਪਹਿਲਵਿਚ ਬਹੁਤਗ਼ਮ ਪੈਜਾਂਦੀਹੈ ਕਿਉਂਕਿ ਤਪ ਬਲਗਮੀ ਕਿਸੀਹਾਲਤਮੈਮੇਧੇਦੀ ਨਤਾਕਤੀ ਸੇ ਖਾਲੀ ਨਹੀ ਹੁੰਦਾ ਏਹੋ ਵਜਾਹੈ ਕਿ ਉਸ ਵਿਚ ਗਜਾ ਦੀ ਭੁਖ ਝੂਠੀ ਹੋਜਾਂਦੀਹੈ ਅਰਬਾਜੇ ਹਕੀਮਾਂਨੇਕਹਾਹੈ ਕਿ ਨਿਤਾਕਤਮੇਧਾ ਇਸ ਤਪ ਦਾ ਸੁਭਾਉ ਲਾਜਮ ਹੈ ਜੈਸੇ ਰਬਾ ਕੋ ਇਲਤ ਤਿਹਾਲ ਲਾਜਮ ਹੈ ਅਰਸਿਰਦਾਦਰਦ ॥ ਪਾਂਚਵਾਂ ਯੇ ਕਿ ਬਦਨ ਦਾ ਰੰਗਐਸਾਹੋਜਾਵੇਜੈਸੇਸੀਸੇਦਾਹੁੰਦਾ ਹੈ ਅਰ ਮੂੰਹ ਪਤ ਭਬ ਰਜ ਅਰ ਬਦਨ ਪਰ ਤਰਹਲ ਪੈਦਾ ਹੋਵੇ ਅਰ ਅਕਸਰ ਪਹਿਲੂ ਮੈ ਪਕਣਾ ਮਾਦਾਹੈ ਅਰ ਤਿਲੀ ਭੀਵਧ ਜਾਂਦੀਹ ॥ ਛੇਵੀਂ ਵੋਹ ਹੈ ਕਿ ਮੂੰਹ ਤਰ ਹੋ

ਧਾ ਕੌੜਾ ਨਾ ਹੋ ਅਰ ਝਾੜਾ ਨਰਮ ਅਰ ਪਤਲਾ ਆਏ ਅਰ
ਕੈ ਧਾ ਇਸਹਾਲਬਲਗਮੀ ਪੈਦਾ ਹੋਨ ॥ ਸਤਵੀਂ ਧੇਮੁੜਕਾ
ਬਹੁਤ ਘਟ ਆਏ ਅਰ ਜੈਕਰ ਆਏ ਤਾਂ ਹਮੇਸ਼ਾਂ ਨਾ ਆਏ
ਪਰ ਕਦੀ ਕਦੀ ਤਰ ਬੁਖਾਰ ਪਿੰਡੇ ਪਰ ਮਾਲੂਮ ਹੋਨਮਾਨੋ
ਮੁ ਕਾ ਆਨੇ ਵਾਲਾਹੈ ਧਾਨੇ ਕਚੀਤ੍ਰੇਲੀ ਅਰ ਧੇ ਮੁੜਕੇ ਦਾ
ਵਾਧਾ ਘਾਟਾ ਪਹਿਲ ਵਿਚ ਹੀ ਹੁੰਦਾਹੈ ਅਰਜਦ ਮਾਦਾਪਕ
ਕਰ ਬਾਰੀਕ ਹੋਜਾਂਦਾਹੈ ਬਹੁਤਆਂਵਦਾਹੈਆਠਵੀਂਧੇਕਿਉ-
ਸਕੀ ਗਰਮੀ ਸਫਰਾਵੀਦੇਬਰਾਬਰਹਰਗਿਜ਼ਨਹੀਂਹੁੰਦੀਅਰ
ਉਸ ਦੀ ਵਾਰੀ ਅਠਾਰਾਂ ਘੜੀਆਂ ਤੋਂ ਬਹੁਤ ਹੁੰਦੀਹੈ ਅਰ
ਅਰਾਮ ਛੇ ਘੜੀ ਹੁੰਦਾਹੈ ਏਹ ਤਪ ਭਾਵੇਂ ਟੁਟ ਜਾਂਦਾਹੈ ਪਰ
ਤਪਦਾ ਅਸਰ ਥੋੜਾ ਜੇਹਾ ਰਹਿੰਦਾਹੈ ਇਥੋਂ ਤਕ ਕਿ ਮੁੜਕੇ
ਫੇਰ ਆਜਾਂਦਾ ਹੈ ਅਰ ਤਪ ਮੁਜਨ ਔਰ ਦੇਰ ਪਾਏ ਕਿ
ਮਹੀਨਿਆਂ ਤਕ ਰਹਿੰਦਾ ਹੈ ॥ ਨਵੀਂ ਏਹ ਹੈ ਕਿ ਪਾਲੇ ਅਰ
ਕਾਂਬੇ ਨਾਲ ਚੜ੍ਹੇ ਅਰ ਜਿਸ ਕਿਸਮਾ ਦੀ ਬਲਗਮ ਹੋਵੇਗੀ
ਉਸੇ ਮੂਜਬ ਪਾਲੇ ਅਰ ਕਾਂਬੇ ਵਿਚ ਸਖਤੀ ਤੇ ਨਰਮੀ ਹੋਵੇ
ਗੀ ਜੈਸੇ ਜੇਕਰ ਜਜ਼ਾਜੀ ਹੋਵੇਗਾ ਕਾਂਬਾ ਸਖ਼ਤਹੋਵੇਗਾ ਅਰ
ਜੇਕਰਤੁਰਸਹੋਵੇਗਾ ਪਾਲਾ ਜੋਰਨਾਲ ਹੋਵੇਗਾ ਅਰਜੇਕਰਮਾ
ਲਹਹੋਵੇਗਾਪਹਿਲਵਿਚਲੂਈਕੰਡੇਹੋਨਅਰਕਾਂਬਾਹਲਕਾ ਜੇ
ਹਾਹੋਵੇਗਾ ਪਾਲਾ ਭੀ ਕਮਜੋਰਾ ਹੋਵੇਗਾ ਅਰਜੇਕਰ ਲਗਮ
ਹਾਦਾ ਤਪਕਾ ਦਾਹੈ ਬਹੁ ੧ ਤਾਂ ਏਹਹੈ ਕਿਕਈਵਾਰੀਆਂ
ਵਿਚ ਰੋਮ ਖੜੇ ਹੋਨੇ ਅਰ ਨਾਕਸ ਬਿਲਕੁਲ ਨਾ ਹੋਵੇਗਰਜ਼

ਹਰਸੂਰਤ ਵਿਚ ਇਸਦਾ ਪਾਲਾ ਦੂਸਰੇ ਤਪਾਂ ਪਾਸੋਂ ਮੁਕਣਰ ਹੋਵੇਗਾ ਇਸ ਕਰਕੇ ਕਿ ਏ ਤਬਈ ਦੇ ਨੇੜੇ ਨੇੜੇ ਹੈ ॥ ਅਰ ਸਮਝਣਾ ਚਾਹੀਏ ਕਿ ਬਲਗਮ ਤਬਈ ਇਕਰਤੂਬਤ ਸੁਫੈਦ ਕੁਵਾਮਦਾਰ ਬੇ ਸੁਵਾਦੀ ਹੈ ਅਰ ਬਗਲਮ ਨਾਤਬਈ ਦਾ ਸਵਾਦ ਯਾ ਤੋ ਮੀਠਾ ਹੁੰਦਾ ਹੈ ਯਾ ਸੋਰ ਯਾ ਖਟੀ ਅਰ ਜੇਕਰ ਬਹੁਤਗਰਮ ਹੋਜਾਏ ਅਰ ਸੋਰ ਸੇ ਬਹੁਤ ਤੇਜ ਹੋ ਜਾਏ ਉਸ ਨੂੰ ਬੁਰਕੀ ਕਹਿੰਦੇ ਹਨ ਅਰ ਸਫਰਾਦੀ ਆਗਿ ਆ ਵਿਚ ਹੁੰਦਾ ਹੈ ਅਰ ਕਦੀ ਬਲਗਮ ਦਾ ਕੁਆਮ ਐਸਾ ਹੋਜਾਂਦਾ ਹੈ ਜੈਸੇ ਗਲਾ ਹੋਇਆ ਸੀਸਾ ਯਾਨੇ ਕਰ ਸੁਫੈਦ ਹੁੰਦਾ ਹੈ ਉਸ ਨੂੰ ਜਜਾਜੀ ਕਹਿੰਦੇ ਹਨ ॥ ਦਸਵਾਂ ॥ ਏਹ ਹੈ ਕਿ ਜਦ ਸਰੀਰ ਪਰ ਹਾਥ ਰਖਕਰ ਦੇਖੇ ਤਾਂ ਗਰਮੀਬ ਰਾਬਰ ਹਾ ਹੋਵੇ ਅਰ ਜਿਸਵੇਲੇ ਕਿਸੀ ਜਗਾ ਪਰ ਹਥਰਖ-ਕਰ ਛੋੜ ਦੇਵੇ ਓਹ ਜਗਾ ਬਹੁਤ ਗਰਮ ਹੋਜਾਵੇ ਮਾਨੋ ਕੋਈ ਚੀਜ਼ ਬਹੁਤ ਗਰਮ ਸਰੀਰ ਦੇ ਅੰਦਰੋ ਉਪਰਨੂੰ ਆਉਂਦੀ ਹੈ ॥ ਫਾਇਦਾ ॥ ਏ ਤਪ ਜਰੂਰ ਹੀ ਲੜਕਿਆਂ ਅਰ ਔਰ-ਤਾਂ ਔਰ ਖੁਸਰਿਆਂ ਅਰ ਰਤੂਬਤ ਵਾਲੀ ਮਿਜਾਜ਼ ਵਾਲਿਆਂ ਨੂੰ ਹੁੰਦਾ ਹੈ ਯਾ ਉਨਾਂ ਲੋਗਾਂ ਨੂੰ ਜੋ ਬਲਗਮੀ ਚੀਜਾਂ ਵਧਕੇ ਖਾਵੇ ਅਰ ਜੁਲਾਬ ਨਾ ਲੇਵੈ ਅਰ ਸਰਦ ਤਰ ਹਵਾ ਵਿਚ ਪੈਦਾ ਹੁੰਦਾ ਹੈ ਅਰ ਉਸਦੀ ਵਾਰੀ ਜਰੂਰ ਦੁਪਹਿਰ ਤੋਂ ਪ-ਹਿਲੇ ਹੁੰਦੀ ਹੈ ਇਸਦੇ ਪਿਛੋਂ ਦਿਨ ਦੇ ਵਿਚਕਾਰ ਵਿਚਕਾਰ ਹੁੰਦਾ ਹੈ ॥ ਇਲਾਜ ॥ ਚੰਗੀ ਤਦਬੀਰ ਏਹੁ ਹੈ ਕਿ ਸਤ

ਦਿਨ ਤਕ ਸਕੰਜਬੀ ਸਾਦੀਸਹਿਦਦੀਅਰ ਜ਼ਵਾਂ ਦਾ ਪਾਣੀ
ਥੋੜੀ ਜੇਹੀ ਸੌਂਫ ਅਰ ਛੋਲਿਆਂ ਵਿਚਰਿੰਨਿਆਹੋਇਆਅਰ
ਸਹਿਦ ਦਾ ਪਾਣੀ ਜੂਫੇ ਵਿਚ ਰਿੱਧਾ ਹੋਇਆ ਦਿੰਦੇ ਰਹੇਂ
ਅਰਏਸੇਤਰਾਂਸਕੰਜਬੀ ਤੇ ਗੁਲਕੰਦਗੁਲਾਬਤੇਅਰਕਬਾਦੀ-
ਆਦੇਨਾਲਅਤੇਜਿਸਵਿਚਕੋਈਨਰਮਾਈ ਹੋਵੇ ਸੋ ਦੇਵੇ ਅਰ
ਸਤਾਂ ਦਿਨਾਂ ਮੈ ਜੋ ਕੋਈ ਦਾਤ ਰੋਕਣ ਵਾਲੀ ਨਾਂ ਹੋਵੇ ਤਾਂ
ਕੈ ਕਰਾਏ ਪਰ ਕੈ ਕਰਾਉਣੀ ਉਸ ਵੇਲੇਚੰਗੀ ਹੈ ਜਦਤਪ
ਚੜਿਆ ਹੋਇਆ ਹੋਵੇ ਅਰ ਸਿਕੰਜਬੀ ਸਹਿਦ ਦੀ ਯਾ ਖੰਡ
ਦੀ ਮਾਦੇ ਦੀ ਰਿਆਇਤਸੇ ਗਰਮ ਪਾਣੀ ਮਿਲਾਕਰਸਾਰੀ
ਆਂ ਕੈ ਕਰਾਵਣ ਵਾਲੀਆਂ ਪਾਸੋਂ ਚੰਗੀਹੈਪਰ ਮੁਨਾਸਬ
ਹੈ ਕਿ ਸਿਕੰਜਬੀ ਅਰ ਗਰਮ ਪਾਨੀ ਬਹੁਤ ਸਾਰੀ ਦੇਵੇ
ਅਰ ਜੋ ਕੁਛ ਮੁਖਾਲਾ ਨਿਕਲ ਆਏ ਉਸੀ ਪਰ ਬਸ ਕਰੇ
ਅਰ ਕੈ ਵਿਚ ਬਹੁਤ ਲਾਗਨਾ ਕਰੇ ਕਿਉਂਕਿ ਜੇਕਰ ਸਿਕੰ
ਜਬੀ ਨਾਨਿਕਲੇ ਤਾਂ ਬੀ ਚੰਗਾ ਹੈ ਅਰ ਤਪ ਦੇ ਮਾਦੇ ਨੂੰ
ਬਾਰੀਕ ਕਰਦੀ ਹੈ ਅਰ ਆਂਦਰਾਂ ਵਿਚ ਉਤਾਰ ਦਿੰਦੀ ਹੈ
ਅਰ ਜੇਕਰ ਮਾਦਾ ਗੰਦਾ ਹੋ ਜਾਵੇ ਸਿਕੰਜਬੀ ਤੇ ਮੂਲੀਦਾ
ਪਾਣੀ ਯਾ ਮੂਲੀਦੇ ਬੀਜਾਂ ਦੇ ਪਾਂਣੀ ਦਾ ਕਾੜ੍ਹਾਰਲਾਕਰਕੈ
ਦੇ ਵਾਸਤੇ ਦੇਵੇ ਅਰ ਮੇਧੇ ਦੇ ਮੂੰਹਦੀ ਤਾਕਤ ਦਾ ਬਹੁਤਾ
ਖਿਆਲ ਰਖੇ ਅਰ ਤਾਕਤ ਵਾਸਤੇ ਗੁਲਕੰਦ ਕੁਛਕ ਅਨੇਸੂ
ਰਲਾ ਕਰ ਖਾਨਾ ਅਰ ਪੂਦਨਾ ਮਸਤਗੀ ਚਬਾਉਨਾ ਅਰ
ਸਕ ਦਾ ਗਾੜ੍ਹਾ ਲੇਪ ਕਰਨਾ ਮੇਧੇ ਪਰ ਚੰਗਾ ਹੈ ਅਰ ਜਿਥੇ

ਕਿਤੇ ਕਿ ਕੈ ਖੁਦ ਬਖੁਦ ਬਿਨਾ ਦੁਖ ਦੇ ਨਿਕਲੇ ਉਸ ਨੂੰ
ਕਦੀ ਨਹੀਂ ਰੋਕਨਾ ਚਾਹੀਦਾ ਖਾਸ ਕਰਕੇਪਹਿਲਵਿਚਪਰ
ਜਬਕਿ ਕੈ ਬਹੁਤ ਆਵੇ ਅਰ ਨ੍ਿਬਲਤਾ ਦਾਡਰ ਹੋਵੇ ਯਾ
ਖੁਸ਼ਕੀਪੈਦਾਕਰੇਅਰਜਦਉਸਨੂੰ ਬੰਦ ਕਰਨਾਚਾਹੇ ਸ਼ਰਬਤ
ਪੂਦਨਾ ਅਰਮੈਥੀਆ ਮੁਨਾਸਬ ਹੈਂ ਅਰ ਪਹਿਲ ਵਿਚ ਗੁਲ
ਕੰਦ ਅਰ ਸਿਕੰਜਬੀਦੇ ਸਿਵਾ ਨਰਮੀਦੀਤਬਾਕੋਹੋਰਕੁਛਮੁ
ਨਾਸਬਨਹੀਂ ਪਰ ਜੇਕਰਕੁਵਤਤਕੜੀਅਰ ਤਬਾ ਮੈ ਕਬਜ
ਹੋਵੇ ਅਰ ਇਕ ਹਫਤਾ ਗੁਜਰ ਚੁਕੇ ਹਰ ਰਾਤ ਵਿਚਤ੍ਰਿਵੀ
ਦੀ ਦਵਾ ਦੇਨੀ ਨਿਹਾਇਤ ਚੰਗੀਹੈ ਭਾਵੇਂ ਮਾਦਾਪਕੇਦਾਅ
ਸਰਜਾਹਿਰਨਾ ਹੋਵੇਅਰਜਿਸਤਰਾਂ ਵਿਚ ਤ੍ਰਿਵੀ ਦੀ ਦਵਾਦੇ
ਨੀ ਚਾਹੀ ਉਸਦੇ ਸਵੇਰੇ ਪਾਂਚਦਿਰਮਗੁਲਕੰਦਖਿਲਾਵੇਅਰ
ਉਸਦੇ ਬਾਦ ਦਸ ਦਿਰਮਸਕੰਜਬੀ ਸਹਿਤਦੀ ਪਿਲਾਏਅਰ
ਜੇਕਰ ਤਬ੍ਹਾ ਨੂੰ ਹਰ ਰੋਜ ਦੋ ਵੇਰੀਖੁਲਕੇਸੁਚੇਤਾ ਆਉਂਦਾ
ਹੋਵੇ ਤਾ ਏਹਦਵਾ ਨਹੀਂ ਦੇਸਕਤੇ ਜੋਕਾਨੂਨਕਿ ਸਤਰਅਲ
ਗਬ ਵਿਚ ਗੁਜਰਾ ਉਸ ਪਰ ਅਮਲ ਕਰੇ ਔਰ ਜਿੰਨਾਚਿਰ
ਹੋਦਾਂ ਦਿਨ ਨਾ ਗੁਜਰਨ ਸਿਕੰਜਬੀ ਬਜੂਰੀ ਅਰ ਕੁਰਸ
ਦੇਨਾ ਨਾ ਚਾਹੀਏ॥ ਫਾਇਦਾ॥ ਜੇਕਰ ਇਸ ਤਪਵਿਚ
ਪੇਸ਼ਾਬ ਗਾੜ੍ਹਾਤੇਰੰਗਦਾਰਹੋਵੇਅਰ ਕੋਈ ਬਾਤ ਰੋਕਨ ਵਾਲੀ
ਨਾ ਹੋਵੇਤਾਂ ਫਸਦ ਖੋਲ੍ਹੇ ਅਰ ਜਿਸ ਕਿਸਮ ਦਾਮਾਦਾਬਲਗ
ਮੀ ਹੋਵੇ ਓਸੇ ਮੁਆਫਿਕ ਦਵਾਵਾਂ ਰ ਗਜਾਵਾਂਦੇਵੇਜੈਸੇ ਜੇ
ਕਰ ਬਲਗਮ ਜ਼ੋਰ ਤਪ ਦਾਮਾਦਾ ਹੈ ਗਰਮ ਚੀਜਾਂ ਨਾ

ਦੇਵੇ ਸਗੋਂ ਸਰਦ ਦਵਾਵਾਂ ਰਲਾ ਕਰ ਦੇਵੇ ਕਿ ਸਰਦੀ ਦਾ ਜ਼ੋਰ ਹੋਵੇ ਕਿਉਂਕਿ ਬਲਗਮ ਸ਼ੋਰ ਸਫਰਾ ਦੇ ਹੁਕਮ ਵਿਚ ਹੁੰਦਾ ਹੈ ਅਰ ਜੇਕਰ ਬਲਗਮ ਸ਼ੀਰੀ ਹੋਵੇ ਐਸੀਆਂ ਚੀਜ਼ਾਂ ਦੇਵੇ ਕਿ ਗਰੀਅਰ ਲਤਾਫਤ ਵਿਚ ਮੁਅਤਦਿਲ ਹੋਨ ਜੈਸੇ ਗੁਲਕੰਦ ਸਿਕੰਜਬੀ ਮਾਦੀ ਵਿਚ ਰਲਾ ਕਰ ਅਰ ਓਹੋ ਜੇਹੀਆਂ ਦਵਾਵਾਂ ਦੇਵੇ ਅਰ ਜੇਕਰ ਬਲਗਮ ਤੁਰਸ਼ਯਾ ਜ-ਜਾਜੀ ਹੋਵੇ ਬਹੁਤ ਤਕੜੀਆਂ ਤੇ ਗਰਮ ਅਰ ਮੁਲਾਇਮੀ ਵਾਲੀਆਂ ਚੀਜਾਂ ਵਰਤ ਲੇਵੇ ਜੈਸੇ ਫਲਾਫਲੀ ਅਰ ਕਮੂਨੀ ਅਰਦਸਤ ਅਰ ਇੰਦ੍ਰੀ ਝਾੜ ਵਿਚ ਭੀ ਕਾਨੂਨ ਯਾਦ ਰਖੇ ਅਰ ਏਹ ਭੀ ਸਮਝ ਲੇ ਕਿ ਭੁਖਾ ਰਹਿਨਾ ਅਰ ਵਰਗਸ ਕਰਨੀ ਨਫਹ ਕਰਤਾ ਹੈ ਅਰ ਇਲਖਤਾਤ ਕੇ ਬਾਦਹਮਾਮ ਕਰਨਾ ਚੰਗਾ ਹੈ ਅਰ ਮਾਦਾ ਪਕਣ ਦੇ ਪਿਛੋਂ ਸ਼ਰਾਬ ਪੀਣ ਵਾਲੇ ਨੂ ਸ਼ਰਾਬ ਫ਼ਾਇਦਾ ਕਰਦੀ ਹੈ ਅਰ ਇਸ ਤਪ ਵਿਚ ਗਜ਼ਾ ਦਾ ਹਾਲ ਏਹ ਹੈ ਜੇਕਰ ਮਾਦਾ ਬਲਗਮ ਸ਼ੋਰ ਹੈ ਤਾਂ ਜੋ ਕੁਛ ਤਪ ਵਿਚ ਦਿਤਾ ਜਾਂਦਾ ਹੈ ਦੇਵੇ ਅਰ ਜੇਕਰ ਬਲਗਮ ਖੱਟੀ ਅਰ ਲੇਸਲੀ ਹੋਵੇ ਤਾਂ ਛੋਲਿਆਂ ਦੀ ਗਜ਼ਾ ਅਰ ਜ਼ੇਰ ਬਾਜ ਅਰ ਜਵਾਂ ਦਾ ਪਾਣੀ ਅਰ ਛੋਲੇ ਅਧਿਕੁਟੇ ਅਰ ਮਹਾਂ ਦੀ ਦਾਲ ਧੋਤੀ ਹੋਈ ਜੋ ਜੀਰਾ ਅਰ ਗੰਦਨਾ ਅਰ ਸਿਬਤ ਨਾਲ ਰਲਾਕੇ ਰਿਧੀ ਹੋਈ ਹੋਵੇ ਦੇਵੇ ਅਰ ਜੇ ਕਰ ਗਜ਼ਾ ਬਹੁਤ ਤਾਕਤ ਵਾਲੀ ਦੇਣੀ ਸਮਝੇ ਤਾਂ ਲਵਾ ਬ-ਟੇਰਾ ਅਰ ਕੁਕੜ ਅਰ ਚਕੋਰ ਅਰ ਤਿਤਰ ਆਦਿਕ ਦਾ

ਸਲੂਣਾ ਭੁੰਨਿਆ ਹੋਇਆ ਚੰਗਾ ਹੈ ਅਰਚਾਹੀਦਾ ਹੈ ਕਿ ਗ-
ਜ਼ਾ ਵਿਚ ਐਸੀ ਚੀਜ ਪਾਵੇ ਜੋ ਬਲਗਮ ਨੂ ਨਿਕਾਲ ਦੇਵੇ
ਜੈਸੇ ਆਬ ਕਾਮਾ ਅਰ ਸਿਰਕਾ ਅਰ ਦਾਲਚੀਨੀ ਅਰ
ਪੂਦਨਾ ਆਦਿਕ ਅਰ ਜੋ ਚੀਜ ਰਤੂਬਤ ਵਧਾਏ ਜੈਸੇ ਤਰ
ਮੇਵੇ ਅਰ ਤਰ ਸਬਜੀਆਂ ਅਰ ਦੁਧ ਅਰ ਤਾਜ਼ੀ ਮਛਲੀ
ਆਦਿਕ ਇਨਾ ਦਾ ਪਰਹੇਜ ਕਰੇ ਅਰ ਬਰਫ਼ਦਾ ਠੰਢਾਕੀ-
ਤਾ ਹੋਇਆ ਪਾਨੀ ਦੁਖ ਦਿੰਦਾ ਹੈ॥ ਜੇਕਰਬਲਗਮਸ਼ੋਰ ਹੋਵੇ
ਔਰ ਇੰਬਲੀ ਤੇ ਉਨਾਬ ਆਲੂ ਬੁਖਾਰੇ ਆਦਿਕਇਸ ਤਪ
ਵਿਚ ਦੁਖ ਦਿੰਦੇ ਹਨ ਖਾਸਕਰ ਜੋ ਚੀਜ ਕਿ ਮੇਧੇ ਵਿਚਨ-
ਤਾਕਤੀ ਕਰੇ ਪਰ ਉਨਾਬਾਂ ਵਿਚ ਦੁਰੁਸਤ ਕਰਨਵਾਲੀਆਂ
ਚੀਜਾਂ ਰਲਾਕਰਦੇਵੇ ਤਾਂ ਦੁਖ ਨਹੀਦੇਂਦੇ ਅਰ ਚੰਗਾ ਹੈ ਕਿ
ਗਜ਼ਾ ਤਪਦੇ ਘਟ ਹੋਣ ਵੇਲੇ ਖਾਵੇ ਜੇਕਰ ਵਾਰੀ ਦੇਪਹਿਲੇ
ਲੋੜ ਪਵੇ, ਤਾਂ ਚਾਹੀਏ ਕਿ ਖਾਣੇ ਦੇ ਤੇ ਤਪ ਦੇ ਚੜ੍ਹਾ ਵਿਚ
ਛਿਆਂ ਘਟੀਆਂ ਦੀ ਵਿਥ ਹੋ ਅਰਘਟਤੋਂਘਟਚਾਰਘੜੀਆਂ
ਚਾਹੀਏ ॥ ਤ੍ਰਿਵੀ ਦੀ ਦਵਾ ॥ ਤ੍ਰਿਵੀ ਚਿਟੀ ਦਸ ਦਿਰਮ
ਸੁੰਡ ਮਸਤਗੀ ਹਰ ਇਕ ਪੰਜ ਦਿਰਮ ਸਬਦੇਬਰਾਬਰਖੰਡ
ਖੁਰਾਕ ਹਰ ਰਾਤ ਵਿਚ ਇਕ ਮਿਸਕਾਲ ਜਿਸ ਬਿਧ ਨਾਲ
ਉਪਰ ਦਸਿਆ ਹੈ ਵਰਤ ਲੇਵੇ ਜ਼ਮਾਦ ਕਹੀਏ ਗਾੜ੍ਹਾ ਲੇਪ
ਜੋ ਮੇਦੇ ਨੂ ਕੁਵਤ ਦਿੰਦਾਹੈ ਸਕਤਿੰਨਦਿਰਮਲਾਦਨਦੋਦਿ-
ਰਮ ਗੁਲਾਬ ਚਰਾਇਤਾ ਹਰਇਕ ਪੰਜ ਦਿਰਮ ਕੇਸਰ ਇਕ
ਦਿਰਮ ਇਨਾਨੂਕੁਟਕਰ ਔਰਮੁਰਜੰਗੋਸ਼ ਅਰਨਮਾਮਦੇਪਾ-

ਣੀਵਿਚਰਲਾਕਰਮੇਧੇਦੇਮੂਹਪਰਰਖੇਕੁਰਸ ਗੁਲ ਜੋ ਪੁਰਾਣੇ
ਤਪਾਂ ਦੇ ਵਾਸਤੇ ਜਿਨਾਂਵਿਚਕਾਂਬਾਸਖਤ ਹੁੰਦਾਹੈ ਅਰ ਪੈਰਾਂ
ਦੀ ਪਿਠਪਰ ਅਰ ਮੂਹ ਪਰ ਸੋਜ ਹੋਜਾਂਦੀਹੈ ਫਾਇਦਾਮੰਦ
ਹੈ ਅਨੇਸੂ ਚਾਰ ਦਿਰਮ ਸਾਜਜ ਹਿੰਦੀ ਤਗਰ ਅਫਸੰਤੀਨ
ਬਾਲਛੜ ਕੌੜੇ ਬਦਾਮਾ ਦੀਆਂ ਗਿਰੀਆਂ ਹਰਇਕ ਤਿੰਨ
ਦਿਰਮ ਸੁਹਾਗਾ ਚਾਰ ਦਿਰਮਗਾਫਸਦਾ ਸਤ ਤਿੰਨ ਦਿਰਮ
ਕਰਫਸਦੇ ਖੀਜ ਕੁਟ ਛਾਨਕਰ ਕਰਫਸ ਦੇ ਪਾਣੀ ਵਿਚ
ਰਲਾਕਰ ਕੁਰਸ ਬਨਾਲੇਵੇ ਅਰ ਸੌਂਫ ਦੇ ਪਾਣੀ ਅਰਸਿਕੰ-
ਜਬੀਦੇ ਨਾਲ ਦੇਵੇ ਅਗਰ ਜਵੈਣ ਕੁਟ ਛਾਨ ਕਰ ਸ਼ਹਿਦ
ਮੈ ਰਲਾਏ ਅਰ ਤਿੰਨ ਦਿਰਮ ਕੇ ਅੰਦਾਜੇ ਸੇ ਦੇਵੇ ਤਪ ਬ-
ਲਗਮੀ ਪੁਰਾਣੇ ਨੂ ਜੋਰਨਾਲਹਿਲਾਉਂਦੀਹੈਅਰਦੇਰ ਵਿਚ
ਗਰਮ ਹੁੰਦੀਹੈਹਟਜਾਂਦੀ ਹੈ ਅਰ ਗ਼ਾਰੀਕੂਨ ਇਕ ਦਿਰਮ
ਸੇ ਇਕ ਮਿਸਕਾਲ ਤਕ ਸਹਿਤ ਮੈ ਮਿਲਾਕਰ ਦੇਣਾ ਏਹੀ
ਅਸਰਰੱਖਦੀ ਹੈ ਅਰ ਉਟੰਗਣ ਦਾ ਬੀਜ ਇਕ ਮਿਸਕਾਲ
ਸ਼ਹਿਤ ਵਿਚ ਮਿਲਾਕਰ ਪਿਲ਼ਾਏ ਇਸ ਕਦਰ ਫਾਇਦਾ ਦੇ
ਕਿ ਹੈਰਾਨ ਹੋਜਾਵੇ ਅਰ ਗੋਲਮਿਰਚ ਤੇ ਇਲਾਇਚੀਦਾਣਾ
ਵਡਾ ਅਰ ਮਿਸ਼ਰੀ ਬਰਾਬਰ ਲੈਕਰ ਕੁਟ ਛਾਨਕਰ ਤਿੰਨ
ਮਾਸੇ ਨਿਹਾਇਤ ਛੇ ਮਾਸੇ ਖਿਲਾਵੇ ਤਪ ਕਾਂਬੇ ਦਾਬਲਗਮੀ
ਹਟ ਜਾਂਦਾ ਹੈ ॥ ਫਾਇਦਾ ॥ ਜਿਥੇ ਕਿਤੇ ਕਿ ਤਪ ਵਿਚ
ਜੁਲਾਬ ਮੇ ਕੋਈ ਬਾਤ ਰੋਕਨੇ ਵਾਲੀ ਨਾਂ ਹੋਵੇ ਚਾਹੀਏ ਕਿ
ਮੁੜਕਾ ਲਿਆਉਣਾ ਅਰ ਪੈਸ਼ਾਬ ਵਗਾਉਣੇ ਵਿਚ ਜਤਨ

ਕਰੇ ਪਰ ਇਸਸੇ ਪਹਿਲੇ ਪਕਾਉਣਵਾਲੀਆਂ ਅਰ ਮੁਲਾਇ-
ਮ ਕਰਨ ਵਾਲੀਆਂ ਦੇ ਵਰਤਨੇ ਵਿਚ ਬਲਗਮ ਦੀ ਮੁਲਾ-
ਇਮੀ ਅਰ ਪਕਜਾਣ ਵਿਚ ਧਿਆਨ ਰਖੇ ਨਹੀਂ ਤਾਂ ਦੁਖ
ਦਿੰਦਾਹੈ ਕਿਉਂਕਿ ਪਤਲਾ ਨਿਕਲਜਾਂਦਾ ਹੈ ਅਰ ਗਾੜ੍ਹਾ
ਬਾਕੀ ਰਹਿਜਾਂਦਾ ਹੈ ਨਿਕਲਦਾ ਨਹੀਂ ਇਸ ਵਾਸਤੇ ਮੁੰਦਸ
ਕਰਨੀਹਕੀਮ ਦਸ ਹਿੰਦੇ ਹਨ ਏਹੀ ਫਾਇਦਾ ਕਰਦਾ ਹੈ॥
ਮਾਉਲ ਅਸੂਲ ਜੋ ਮਾਦਾ ਪਕਣ ਦੇ ਪਿਛੋਂ ਨਫਾ ਕਰਤਾ
ਹੈ ਅਰ ਪੇਸ਼ਾਬ ਵਗਾਉਂਦਾ ਹੈ ਕਰਫਸਦੀ ਜੜ ਖਵੀਦੀ
ਜੜ ਪਰਸੀਆਉਸਾ ਅਨੀਸੂ ਹਰ ਇਕ ਇਕ ਮੁਠੀ ਭਰ
ਮਸਤਗੀ ਕਰਫਸ ਦੇ ਬੀਜ ਹਰ ਇਕ ਦੋ ਦਿਰਮ ਇਨ ਕੋ
ਸੇਰ ਭਰ ਪਾਨੀ ਵਿਚ ਪਕਾਏ ਜਦ ਅਧਾ ਰਹੇ ਛਾਨ ਲਵੇ
ਅਰ ਹਰ ਸਵੇਰੇ ਚਾਲੀਸ ਦਿਰਮ ਲੈਕਰ ਗਰਮ ਕਰੇ ਅਰ
ਦਸ ਦਿਰਮ ਗੁਲਕੰਦ ਇਸ ਵਿਚ ਰਲਾਕਰ ਫਿਰ ਸਾਫ
ਕਰੇ ਅਰ ਜਿਥੇ ਕਿਤੇ ਕਿ ਮਾਦਾ ਬਹੁਤਾ ਗੰਦਾ ਅਰ ਨਿਹਾ-
ਇਤ ਸਰਦ ਹੋਵੇ ਤਕੜੇ ਜੁਲਾਬ ਦੇ ਪਿਛੋਂ ਤਰਿਯਾਕ ਫਾਰ
ਦਿਕ ਯਾ ਮਸਰੂਦੀ ਤੂਸ ਯਾ ਤਰਿਯਾਕ ਅਰਬਾ ਦੇ ਸਕਤੇ
ਹੈਂ ਇਸ ਸ਼ਰਤ ਪਰ ਜੋ ਬੀਮਾਰ ਜਵਾਨ ਅਰ ਗਰਮੀ ਦੀ
ਬਹਾਰ ਅਰ ਬਲਗਮ ਸ਼ੋਰ ਨਾ ਹੋਵੇ ਜੇ ਹੋਵੇ ਤਾਂ ਕੁਛ ਨਾ
ਦੇਨਾ ਚਾਹੀਏ ਅਰ ਸਿਕੰਜਬੀ ਬਜ਼ੂਰੀ ਅਰ ਗੁਲਕੰਦ ਅਰ
ਕੁਰਸ ਗੁਲ ਪਰਬਸ ਕਰੇ ਦੂਸਰੀ ਤਰਾਂ ਵੋਹਹੈ ਕਿ ਬਲਗ-
ਮੀ ਮਾਦਾ ਰਗਾਂਦੇ ਅੰਦਰ ਗੰਦਾਹੋਜਾਵੇ ਅਰਯੇਦੋਤਰਾਂਪਰ ਹੈ

ਇਕ ਤਾਂ ਏਹ ਬਲਗਮ ਸ਼ੋਰ ਔਰ ਬਹੁਤ ਗਰਮ ਮੇਧੇਅਰ ਜਿਗਰ ਅਰ ਦਿਲਦੇ ਉਦਾਲੇ ਦੀਆਂ ਰਗਾਂ ਗੰਦੀਆਂ ਹੋ ਜਾਣ ਅਰ ਉਸਨੂੰ ਭੀ ਮੁਹਰਕਾ ਆਖਦੇ ਹਨ ਜਿਸਤਰਾਂ ਕਿ ਪਿਛੇ ਮੁਹਰਕਾ ਦਸਿਆ ਹੈ ਦੂਸਰਾ ਯੇਹ ਕਿ ਅਜੇਹਾ ਨਾ ਹੋਵੇ ਉਸੀ ਸੇ ਮਤਲਬ ਹੈ ਅਰਤਪਲਾਜਮਾ ਬਲਗਮੀ ਕਾ ਨਾਮ ਲਿਸਕਾ ਹੈ ਅਰ ਉਸਦੇ ਲਛਣ ਭੀ ਓਹੋ ਹਨ ਜੋ ਨਾਇਬਾ ਵਿੱਚ ਜਰੇ ਪਰ ਇਤਨੀ ਬਾਤ ਕਿ ਇਸ ਤਪ ਦੀ ਪਹਿਲ ਵਿਚ ਕਦੀ ਭੀ ਕਾਂਬਾ ਨਹੀਂ ਹੁੰਦਾ ਪਰ ਦੋਨਾਂ ਵਿਚ ਕਦੀ ਕਦੀ ਲੂਈ ਕੰਡੇ ਹੁੰਦੇ ਹਨ ਅਰ ਇਸ ਤਪ ਦੇ ਟੁਟਨੇ ਦਾ ਹਾਲ ਭੀ ਠੀਕ ਦਸਿਆ ਨਹੀਂ ਜਾਂਦਾ ਸਗੋਂ ਮ-ਲੂਮ ਹੋਨਾ ਔਖਾ ਹੈ ਅਰ ਮੁੜਕਾ ਨਹੀਂ ਆਉਂਦਾ ਪਰ ਜਿਸ ਰੋਜ ਕਿ ਤਪ ਬਿਲਕੁਲ ਹੀ ਛਡ ਜਾਏ ਅਰ ਸਮਝਨਾ ਚਾਹੀ ਏ ਕਿ ਏ ਤਪ ਕੁਝਕ ਦਿਕ ਦੇ ਬਰਾਬਰ ਹੈ ਕਿਉਂਕਿ ਉਸ ਦੀ ਨਰਮ ਗਰਮੀ ਹਰ ਵੇਲੇ ਰਹਿੰਦੀ ਹੈ ਅਰਜਦ ਸਰੀਰ ਪਰ ਹਥ ਰਖੇ ਗਰਮੀ ਮਲੂਮ ਨਹੀਂ ਹੁੰਦੀ ਪਰ ਜਦ ਕਿ ਚਿਰ ਤਕ ਹਥ ਰਖੀ ਰਹੇ ਇਸ ਸਬਬ ਨਾਲ ਜਾਹਲ ਹਕੀਮ ਉਸ ਨੂੰ ਦਿਕ ਜਾਨਤੇ ਹੈਂ ਅਰ ਸਬਬਾਂ ਦੇ ਸਾਰਾਹ ਕਰਨ ਵਾਲਿਆਂ ਨੇ ਕਹਾ ਹੈ ਕਿ ਮੈਨੇ ਬਹੁਤਿਆਂ ਦਿਕਵਾ-ਲਿਆਂ ਨੂੰ ਦੇਖਾ ਹੈ ਕਿ ਇਸੀ ਸ਼ੱਕ ਸੇ ਅਹਿਮਕਾਂ ਨੇ ਉਸ ਕਾ ਲਿਸਕਾ ਕੇ ਇਲਾਜ ਸੇ ਕੀਆ ਅਰ ਮਸਖਨਾਤ ਕਹੀਹੇ ਗਰਮੀ ਪਹੁਚਾਵਣੇਵਾਲੀਆਂ ਅਰ ਜਲਾਬਾਂ ਤਕੜਿਆਂ

ਨਾਲ ਵਰਤਲੀਆ ਅਰ ਉਨਾਂ ਨੂੰ ਜੋਰ ਨਾਲ ਮਾਰ ਦਿਤਾ ਸੋ ਇਸ ਕਰਕੇ ਅਸਾਂ ਜਰੂਰੀ ਸਮਝਿਆ ਕਿ ਇਸ ਵਿਚ ਫਰਕ ਦਸਨਾ ਚਾਹੀਏ ਕਿ ਅਣਜਾਣ ਹਕੀਮ ਭੁਲ ਕਰਕੇ ਜੁਲਮ ਸੇ ਬਚਰਹੇ ਵਰਨਾ ਇਨਾਂ ਦੋਨਾਂ ਵਿਚ ਫਰਕ ਇ-ਲਮਦਾਰਾਂ ਦੇ ਨੇੜੇ ਬੜਾ ਭਾਰਾ ਸੂਰਜ ਵਰਗਾ ਹੈਅਰਇਸੇ ਤਰਾਂ ਮੂਜਜ ਕਿਤਾਬ ਵਾਲੇ ਨੇ ਆਖਿਆ ਹੈ ਕਿ ਲਿਸਕੇ ਦਾ ਤਪ ਗੰਦੀ ਬਲਗਮ ਨਾਲ ਉਪਜਤਾ ਹੈ ਅਰ ਉਸ ਵਿਚ ਗੰਦ ਤੇ ਇਮਤਿਲਾ ਕਹੀਏ ਭਰਪੂਰੀ ਦੇ ਦੁਖਜਾਹਿਰ ਹੋਨ ਅਰ ਦਿਕ ਵਿਚ ਖੁਸ਼ਕੀ ਦੇ ਲਛਣ ਅਰ ਪੁਰ ਹੋਨੇ ਦੀਆਂ ਨਿਸ਼ਾਨੀਆਂ ਰੋਸ਼ਨ ਹੈਨਫਿਰ ਏਹ ਕਿਸ ਕਰਕੇ ਦਿਕਤਪ ਦੇ ਬਰਾਬਰ ਹੈ ਪਰ ਏਹ ਕਹਾ ਜਾਵੇ ਕਿਏਹਸ਼ਕ ਦਿਕ ਅਨ ਲਿਸਕੇ ਦੇ ਟਬਰ ਵਿਚੋਂ ਹੀ ਹੁੰਦਾ ਹੈ ਇਸ ਲੀਏਕਿਦੋਰਾਂ ਟਬਰਾਂ ਵਿਚਦੋਨੋਂ ਲਛਣਨਹੀਂਦਿਸਦੇਗਲਕਾਹਦੀ ਫਰਕ ਏਹ ਹੈ ਜੋ ਲਿਸਕਾ ਗਜਾਖਾਣੇ ਦੇ ਪਿਛੋਂ ਤਪ ਨਹੀਂ ਤਕੜਾ ਹੁੰਦਾ ਅਰ ਬਦਨ ਭਰਭਰਾ ਅਰ ਫੂਲਾਫੁਲਾ ਹੁੰਦਾ ਹੈ ਅਰ ਨਬਜ ਸਗੀਰ ਅਰ ਨਰਮ ਹੁੰਦੀ ਹੈ ਅਰ ਐਸਾ ਹੀ ਇਸ ਸੇ ਪਹਿਲੇ ਤਦਬੀਰਾਂ ਬਲਗਮੀ ਬਹੁਤੀਆਂ ਹੈਨ ਜੈਸੇ ਬਹੁਤਾ ਖਾਨਾ ਅਰ ਪੀਨਾ ਅਰ ਦਸਤ ਅਰ ਹਮਾਮ ਨਾ ਕਰਨਾ ਉਸ ਪਰ ਗਵਾਹੀ ਦੇਵੇ ਅਰ ਮੁਆਜੀਆ ਕੇ ਦੋਰਾ ਪਰ ਤਪਦੀ ਸਖਤੀ ਹੋਵੇ ਅਰ ਸਾਲ ਅਰ ਸਕੂਨਤ ਅਰ ਵੇਲਾ ਇਸਦੇ ਗਵਾਹ ਹੈ ਅਰ ਤਪ ਦਿਕ ਉਸਦੇ ਉਲਟਾ

ਹੈਜੋ ਉਸ ਮੈਂ ਨਬਜ ਸਖਤ ਅਰ ਖਿਚੀ ਹੋਈ ਰਹਿੰਦੀਹੈ ਅਰ ਬਦਨ ਦਿਨ ਬਦਿਨ ਪਤਲਾ ਹੁੰਦਾ ਹੈ ਅਰ ਗਜਾ ਖਾਨੇ ਦੇ ਬਾਦ ਗਰਮੀ ਭੜਕਤੀ ਹੈ ਅਰ ਭਰਪੂਰੀ ਦੇ ਨਿਸ਼ਾਨ ਬਿਲਕੁਲ ਨਾ ਦਿਸਨ॥ ਇਲਾਜ॥ ਜੋਕੁਛ ਤਪ ਨਾਇਬਾ ਵਿਚ ਦਸਿਆ ਗਿਆ ਏਥੇ ਭੀ ਵਰਤਲੇਵੇ ਅਰ ਜੇਕਰ ਖੂੰਨ ਦਾ ਪੂਰ ਹੋਨਾ ਮਾਲੂਮਹੋਵੇ ਫਸਦ ਕਰੇ ਪਰ ਮਾਦਾ ਪਕਾਉਣੀਆਂ ਤੇ ਮੁੱਵਸ ਕਰਨਵਾਲੀਆਂ ਚੀਜਾਂ ਦੇ ਵਰਤਣ ਵਿਚ ਜਿਸਤਰਾਂ ਨਾਇਬਾਂਵਿਚਦਲੇਰੀਕਰੀਦੀ ਹੈ ਏਥੇ ਨਾ ਚਾਹੀਏ ਕਿਉਂਕਿ ਇਸ ਬਾਤ ਦਾ ਡਰ ਹੈ ਕਿ ਜਿਆਦਤੀ ਵਿਚ ਮਾਦਾ ਬਹੁਤਾ ਮਹੀਨ ਹੋਕਰ ਦਿਮਾਗ ਪਰ ਨਾ ਆਪਏ ਅਰ ਸਿਰਸਾਮ ਨਾ ਪੈਦਾ ਕਰੇ ਖਾਸ ਕਰ ਜਬ ਕਿ ਸਦਾਅ ਕਹੀਏ ਦਰਦ ਸਿਰ ਯਾ ਨਤਾਕਤੀ ਦ-ਮਾਗ ਭੀ ਉਸਦੇ ਨਾਲ ਹੋਵੇ ਐਪਰਸਿਕੰਜਬੀ ਅਰਗੁਲਕੰ-ਦ ਮਿਲਾਕਰਅਰ ਸਿਕੰਜਬੀ ਕਿ ਉਸ ਵਿਚ ਸੌਂਫ ਦੀਜੜ ਯਾ ਕਰਫਸ ਦਾ ਪਾਣੀ ਪਕਾਵੇ ਯਾ ਜਲਾਬਕਹੀਏ ਖੈਚਣੇ ਵਾਲਾਮੇਧੇ ਦੀ ਤਾਕਤਵਾਸਤੇਅਰ ਥੋੜੀਜੇਹੀ ਮੁਲਾਇਮੀਦੇ ਵਾਸਤੇਚੰਗਾਹੈ ਅਰ ਜੇਕਰਦਿਮਾਗਨਤਾਕਤਹੋਵੇ ਸਿਕੰਜਬੀ ਨਾ ਦੇਵੇ ਗੁਲਕੰਦ ਪਰ ਹੀ ਰਹਿਨਦੇਵੇ ਚਾਹੇ ਇਕਲੀਚਾਹੇ ਅਰਕ ਬਾਦੀਆ ਵਿਚ ਰਲਾ ਕਰਅਰ ਏਹੋ ਜੇਹੀਆਂ ਚੀਜਾਂ ਲੋੜ ਮੂਜਬ ਵਰਤੇ ਅਰ ਅਮਲਤਾਸ ਦੇ ਗੁਦੇ ਨਾਲ ਤਬਾ ਨਰਮ ਕਰੇ ਅਤੇ ਜੇਕਰ ਦਿਮਾਗ ਤਕੜਾ ਹੋਵੇ ਅਰ ਸਿਰ

ਦਰਦ ਨਾ ਹੋਵੇ ਅਰ ਤਪ ਨਰਮ ਹੋਵੇ ਬਲਗਮ ਦਾ ਨਿ-
ਕਾਲਦਾ ਉਨਾਂ ਗੋਲੀਆਂ ਨਾਲ ਕਰੇ ਜਿਨਾਂ ਵਿਚ ਸਿਹਮ
ਖਜ਼ਲ ਹੋਵੇ ਅਰ ਪੇਸ਼ਾਬ ਵਗਾਉਣ ਵਾਸਤੇ ਮਾਉਲਅਸੂਲ
ਦੇਵੇ ॥ ਅਰ ਦਸਤਾਂ ਦੇਤੇ ਇੰਦ੍ਰੀਝਾੜ ਵਾਸਤੇ ਮਾਦਾਪੱਕਣ
ਦੇ ਪਿਛੋਂ ਚਾਹੀਏ ਕੁਰਸ ਗਾਫਸ ਦੇਵੇ ਬੜਾ ਚੰਗਾ ਹੈ ਅਰ
ਦਸਤਾਂ ਦੇ ਪਿਛੋਂ ਕੁਰਸ ਗੁਲ ਨਫਾ ਕਰਤਾ ਹੈ ॥ ਫਾਇਦਾ
॥ ਏਹ ਤਪ ਬਹੁਤਿਆਂ ਨੂੰ ਆਖਰ ਵਿਚ ਜਲੋਂਧਰ ਵਿਖੇ ਪਾ
ਦਿੰਦਾ ਹੈ ਸੋ ਜਿਸ ਵੇਲੇ ਉਸਦੇ ਲਛਣ ਜਾਹਿਰ ਹੋਨ ਇਸ
ਦੇ ਇਲਾਜ ਮੈ ਤਾਤ ਪਰਜ ਹੋਵੇ ਮਾਉਲਆਸੂਲ ਜੋਪੇਸ਼ਾਬ
ਵਗਾਉਂਦਾ ਹੈ ਅਰ ਮਿਜ਼ਾਜ ਦਰੁਸਤ ਕਰਦਾਹੈ ਸੌਂਫ ਦੀ
ਜੜ ਮੁਲੱਠੀ ਦੀ ਜੜ ਪੀਲੀ ਹਰੜ ਹਰ ਇਕ
ਦਸਦਿਰਮ ਅਨੇਸ ਤ੍ਰਿਨਦਿਰਮ ਸਤਗੀ ਦੋ ਦਿਰਮ ਗਾ-
ਫਸ ਅਫਸੰਤੀਨ ਜੰਗਹਰੜ ਖਵੀਦੀ ਜੜ ਹ ਇਕ ਸਤ
ਦਿਰਮ ਬਾਦ ਆਵਰਮ ਪੰਜ ਦਿਰਮ ਸਕਾਈਚਾਰ ਦਿਰਮ
ਮੁਨੱਕਾ ਬੀਸ ਦਿਰਮ ਮਾਮੂਲ ਕੇ ਮੁਆਫਿਕਪਕਾਏ॥ ਕੁਰਸ
ਗਾਫਸ ਦੀਬਿਧ॥ਗਾਫਸ ਤੀਸ ਦਿਰਮ ਗੁਲਾਬਸੱਠ ਦਿਰਮ
ਤਬਾਸੀਰਚਾਲੀ ਦਿਰਮਖੁਰਾਕਦੋ ਦਿਰਮ॥ ਦਸਰਾਨੁਸਖਾ
॥ ਗਾਫਸਦਾ ਸਤਛੇ ਦਿਰਮ ਗੁਲਾਬਸੰਬਲਤਬਾਸੀਰਤੁਰੰ
ਜਬੀਨਹਰਇਕ ਦੋ ਦਿਰਮ ਖੁਰਾਕਇਕ ਮਿਸਕਾਲ॥ਕੁਰਸ
ਗੁਲ ਦੀ ਬਿਧ ਜੋਏਥੇ ਬੜਾ ਚੰਗਾ ਹੈ ॥ ਗੁਲਾਬਛੇ ਦਿਰਮ
ਅਸਲਲਸੂਸ ਸੁੰਬਲ ਹਰ ਇਕ ਚਾਰ ਦਿਰਮ ਮਸਤਗੀ

ਕਹਿਰਬਾਕਹੀਏ ਸੁਚਾ ਕਪੂਰ ਹਰ ਇਕ ਤਿੰਨਦਿਰਮਖੁਰਾਕ ਇਕ ਮਿਸਕਾਲ ਕੁਰਸ ਅਫਸੰਤੀਨ ਯਾਨੇ ਵਲਾਯਤੀ ਅਕਾਲ ਬੇਲ ॥ ਤਗਰ ਅਫਸੰਤੀਨ ਅਨੀਸੂ ਕਰਫਸਦੇ ਬੀ-ਜ ਕੌੜੇ ਬਦਾਮ ਦੀਆਂ ਗਿਰੀਆਂ ਸਕਾਈ ਬਾਦ ਆਵਰਦ ਗਾਫਸ ਦਾ ਸਤ ਮਸਤਗੀ ਸੁੰਬਲ ਹਰ ਇਕ ਦੋ ਦਿਰਮ ਖੁਰਾਕ ਇਕ ਮਿਸਕਾਲ ਪੰਜ ਦਿਰਮ ਗੁਲਕੰਦ ਯਾ ਪੰਦਰਾਂ ਦਿਰਮ ਸਾਦੀ ਸਿਕੰਜਬੀ ਦੇ ਨਾਲ ਦੇਵੇ ਅਰ ਜਿਥੇ ਕਿ-ਤੇ ਕਿ ਛਾਤੀ ਵਿਚ ਸਖਤੀ ਹੋਵੇ ਬਨਫਸ਼ਾਤੇ ਲਸੂੜੀਆਂ ਪਰ-ਸਿਆਉਸਾਂ ਦਾ ਜਲਾਬ ਫਾਇਦਾਕਰਦਾਹੈ ਅਰਮਾਦਾ ਪਕ-ਣ ਦੇ ਪਿਛੋਂ ਹਮਾਮ ਕਰਨਾ ਬੜਾ ਚੰਗਾ ਹੈ ਪਰ ਇਸ ਸ਼ਰਤ ਨਾਲ ਕਿ ਦਿਮਾਗ ਨ ਤਾਕਤਾ ਨਾ ਹੋ ਅਰ ਸਿਰ ਦਰਦਬੀ ਨਾ ਹੋਵੇ ਅਰ ਤਪ ਬਲਗਮੀ ਦਾ ਇਕ ਕਿਸਮ ਹੈ ਜਿਸ ਨੂ ਇਫਜਾਲੂਸ ਕਹਿੰਦੇ ਹਨ ਵੋਹ ਇਸਤਰਾਂ ਪਰ ਹਨ ਕਿ ਅੰਦਰ ਸਰਦ ਅਰ ਬਾਹਰ ਗਰਮ ਹੋਵੇ ਅਰ ਇਸ ਤਪਦਾ ਸਬਬ ਬਲਗਮ ਮਜ਼ਾਜੀ ਹੈ ਕਿ ਬਾਤਨ ਮੈ ਬਹੁਤ ਸਾ ਜਮਾ ਹੋਕਰ ਗੰਦਾ ਹੋਜਾਏ ਅਰ ਉਸਦੇ ਬੁਖਾਰ ਜਰਮ ਪਿੰਡੇਵਿਚ ਫੈਲਰਦੇ ਹਨ ਫਿਰ ਇਸ ਸਬਬ ਨਾਲ ਜੋ ਮਾਦਾ ਅੰਦਰ ਸਰਦ ਹੈ ਅੰਦਰ ਵਿਚ ਸਰਦੀ ਹੁੰਦੀ ਹੈ ਅਰ ਇਸ ਸਬਬ ਸੇ ਕਿ ਗਰਮ ਬੁਖਾਰ ਉਠਕਰ ਬਾਹਰਲੇ ਪਾਸੇਆਉਂਦੇਹਨ ਤੇ ਬਾਹਰ ਵਿਖੇਗਰਮੀਮਾਲਮਹੁੰਦੀਹੈਅਰ ਇਕਕਿਸਮ ਔਰ ਹੈ ਜਿਸਨੂ ਤਪ ਲੀਫੂਰੀਆਕਹਿੰਦੇਹਨ ਵੋਹ ਇਸਤਰਾਂ ਪਰ

ਹੈ ਕਿ ਅੰਦਰ ਗਰਮੀ ਅਰ ਬਾਹਰ ਸਰਦੀ ਹੁੰਦੀ ਹੈ ਔਰ ਯੇ ਅਕਸਰ ਨਾਇਬਾ ਹੁੰਦਾ ਹੈ ਅਰ ਸਮਝਨਾ ਚਾਹੀਏ ਕਿ ਲੀਫੂਰੀਯਾ ਅਕਸਰ ਮਾਦਾ ਬਲਗਮੀ ਪਾਸੋਂ ਉਤਪਤਿ ਹੁੰਦਾ ਹੈ ਅਤੇ ਕਦੀ ਮਾਦੇ ਗਾੜ੍ਹੇ ਸਫਰਾਵੀ ਥੋਂ ਬੀ ਹੋਜਾਂਦਾ ਹੈ ਸੋ ਜੇੜ੍ਹਾ ਬਲਗਮੀ ਹੁੰਦਾ ਹੈ ਵੋਹ ਇਸਤਰਾਂ ਪਰ ਹੁੰਦਾ ਹੈ ਕਿ ਬਲਗਮ ਸਰੀਰ ਦੇ ਡੂੰਘਾਣ ਵਿੱਚ ਗੰਦਾ ਹੋਵੇ ਅਰ ਗਰਮ ਹੋਜਾਵੇ ਅਰ ਮੁਸਾਮ ਬੰਦ ਹੋ ਜਾਣ ਜਾਂ ਗਰਮੀ ਅਸਲੀ [ਯਾਨੇ ਹਰਾਰਤ ਗਰੀਜੀ] ਸਰੀਰ ਦੇ ਬਲ ਹਿੰਮਤ ਕਰੇ ਯਾਂ ਕਿਸੀ ਹੋਰ ਸਬਬ ਸੇ ਉਸਦੇ ਬੁਖਾਰ ਬਾਹਰ ਵਲ ਆ-ਉਣ ਤੋਂ ਰੁਕਜਾਣ ਅਰ ਘਟ ਬਾਹਰ ਨਿਕਲਣ ਸੋ ਇਸੇ ਕਰਕੇ ਬਾਹਰੋਂ ਪਿੰਡਾ ਠੰਢਾ ਅਰ ਬਾਹਰੋਂ ਬਹੁਤ ਅਗ ਅਰ ਸਫਰਾਵੀ ਮਾਦਾ ਇਸਤਰਾਂ ਹੁੰਦਾਹੈ ਕਿ ਸਫਰਾ ਨਾੜਾਂ ਦੇ ਅੰਦਰ ਗੰਦਾ ਹੋਵੇ ਅਰ ਮਾਦਾ ਗਾੜ੍ਹਾ ਹੋਜਾਵੇ ਅਰ ਛੇਤੀ ਬਾਹਰ ਨਾ ਨਿਕਲਨ ਉਨਾਂਦੇ ਬੁਖਾਰ ਤਾਂਭੀ ਅੰਦਰ ਅਗ ਅਰ ਬਾਹਰ ਠੰਢ ਹੁੰਦੀਹੈ ਨਿਸਾਨੀਆਂ ਲੀਫੂਰੀਆਂ ਬਲ-ਗਮੀ ਦੀਆਂ ਏਹਹੈ ਕਿ ਪੇਸਾਬ ਕਚਾ ਨਜਬ ਧੀਮੀ ਅਰ ਡੂੰਘੀ ਅਰ ਹੋਰ ਨਾਇਬੇ ਵਾਕਰ ਹੁੰਦੀਆਂ ਹਨ ॥ ਲੀਫੂ-ਰੀਆ ਸਫਰਾਵੀ ਦੀ ਏਹ ਨਿਸਾਨੀ ਹੈ ਕਿ ਤਪ ਚੜ੍ਹਿਆ ਰਹਿੰਦਾ ਹੈ ਅਰ ਕਦੀ ਬਹੁਤਜੋਰਨਾਲ ਬੀ ਚੜ੍ਹਿਆਰਹਿੰਦਾ ਹੈ ਅਰ ਹੋਰ ਸਭ ਸਫਰਾਇਆਂ ਨਿਸਾਨੀਆਂ ਪਰਗਟ ਹੁੰਦੀਆਂਹਨ ॥ਇਲਾਜ॥ ਇਨਾਂ ਦੋਨਾਂ ਕਿਸਮਾਂ ਦੀ ਤਦਬੀਰ

ਯਾਨੇ ਇਨਫਜ਼ਾਲੂਸ ਅਰ ਲੀਫੂਰੀਆ ਬਲਗਮੀ ਦੇ ਨੇੜੇ ਨੇੜੇ ਹੈ ਸੋ ਸਾਂਝਾ ਇਲਾਜ ਏਹ ਹੈ ਕਿ ਤਪ ਸ਼ੁਰੂਥੋਂ ਸਤ ਦਿਨ ਤਕ ਮੂਲੀਆਂ ਦੇ ਬੀਆਂਦਾ ਕਾੜ੍ਹਾ ਸਕੰਜਬੀ ਪਾਕੇ ਕੈ ਕਰਾਵੇਂ ਅਰ ਰੋਜ ਸਵੇਰੇ ਦੋ ਤੋਲੇ ਗੁਲਕੰਦ ਖੁਆਏ ਅਰ ਇਸਤੋਂ ਪਿਛੋਂ ਜਦ ਦੋ ਘੰਟੇ ਗੁਜਰਨ ਛੀ ਤੋਲੇ ਸਕੰਜਬੀ ਸਾਦੀ ਪਿਆਏ ਅਰ ਜਿਥੇ ਕਿਤੇ ਪਾਲਾ ਬਹੁਤ ਹੋਵੇ ਜੋਰ ਨਾਲ ਓਥੇ ਗੁਲਕੰਦ ਸਹਿਤ ਦੀ ਅਰ ਸਕੰਜਬੀ ਸਹਿਤ ਵਾਲੀ ਦੇਵੇ ਅਰ ਜਿਥੋਂ ਤਕ ਹੋਸਕੇ ਸਤਾਂ ਦਿਨਾਂ ਤੋਂ ਪਿਛੋਂ ਹੀ ਦਸਤ ਦੇਵੇ ਅਰ ਦਵਾਵਾਂ ਦਸਤਾਂ ਵਾਲੀਆਂ ਦੇਣ ਵਿਚ ਅਰ ਗਜਾ ਆਦਿਕ ਦੇਣ ਵਿਚ ਓਹੋ ਹੀ ਤਦਬੀਰ ਹੈ ਜੋ ਲਿਸਕੇ ਅਰ ਨਾਇਬੇ ਵਿਚ ਲਿਖਿਆਹੈਓਥੋਂ ਦੇਖਲਵੇ ॥

ਅਰ ਗੁਲਕੰਦਮਸਤਕੀ ਅਨੇਸੂ ਰਲਾਕੇ ਦੇਣਾ ਸਭਨਾਂ ਬਲਗਮੀ ਤਪਾਂ ਨੂ ਚੰਗਾਹੈ ਅਰ ਮੈਂਧੇ ਨੂ ਕੁਵਤ ਦੇਂਦਾ ਹੈ॥

ਅਰ ਜੋ ਲੀਫੂਰੀਆ ਸਫਰਾ ਗਾੜੇ ਹੋ ਜਾਣ ਨਾਲ ਹੁੰਦਾ ਹੈ ਉਸਦਾ ਇਲਾਜ ਦਵਾਵਾਂ ਬਲਗਮੀ ਤਪਾਂ ਦੀਆਂ ਅਰ ਸਫਰਾਵੀ ਤਪਾਂ ਦੀਆਂ ਰਲਾਕੇ ਵਰਤੇ ਜਿਸਤਰਾਂਸਤਰੁਲਾ-ਗਬ ਵਿਚਲਿਖਿਆਜਾਵੇਗਾ ਅਰ ਸਕੰਜਬੀ ਗੁਲਕੰਦ ਨਾਲ ਦੇਣੀ ਬਹੁਤ ਤੰਗੀਹੈ ॥ ਫਾਇਦਾ॥ ਕਦੀ ਬਲਗਮ ਜਜਾਜੀ ਸਰੀਰ ਦੇ ਡੂੰਘਾਣ ਵਿਚ ਬਹੁਤ ਪੈਦਾ ਹੁੰਦਾਹੈ ਪਰ ਗੰਦ ਨਹੀਂ ਹੁੰਦਾ ਇਸਦੇ ਲਛਨ ਏਹਹੈਨ ਕਿ ਸਿਰਫ ਅੰਦਰਹੀ ਸਰਦੀ ਮਾਲੂਮ ਹੋਵੇ ਅਰ ਬਾਹਰੋਂ ਅਗੇਵਰਗਾਰਹੇਅਰਕਦੀ

ਬਲਗਮ ਜਜਾਜੀ ਸਰੀਰ ਵਿਚ ਫੈਲ ਜਾਂਦੀ ਹੈ ਅਰ ਗੰਦੀ ਨਹੀਂ ਹੁੰਦੀ ਅਰ ਉਸਦੇ ਲਛਣ ਏਹ ਹੈਨ.ਕਿ ਚਿਰਕਾ ਫਿ- ਰਕੇ ਸਰੀਰ ਵਿਚ ਕਾਂਬਾਹੋਵੇ ਅਰ ਤਪ ਅਰ ਗਰਮੀ ਬਿਲ- ਕੁਲ ਨਾ ਹੋ ਕਾਂਬੇ ਦਾ ਸਬਬ ਯੇਹ ਹੈ ਕਿ ਮਾਦਾ ਜੋੜਾਂ ਉਤੇ ਗਿਰਦਾ ਹੈ॥ ਇਲਾਜ॥ ਮੁਲਾਇਮੀ ਅਰ ਸਰਦਾ ਈ ਕਰੇ ਬਲਗਮ ਨੂ ਕੈ ਨਾਲ ਨਿਕਾਲੇ ਅਰ ਇਥੇ ਪੇਸ਼ਾਬ ਵਗਾਉਣਾ ਅਰ ਮੁੜਕਾ ਲਿਆਵਣਾ ਹਮਾਮ ਨਾਲਅਰਵਰ- ਗਸ ਨਾਲ ਦਸਤ ਦੇਣ ਕੋਲੋਂ ਬੜਾ ਚੰਗਾ ਹੈ॥ ਔਰ ਇਕ.ਔਰ ਕਿਸਮਹੈ ਉਸਨੂ ਨਿਹਾਰੀ ਕਹਿੰਦੇਹਨ ਵੋਹ ਇ- ਸਤਰਹ ਪਰ ਹੈ ਜੋ ਵਾਰੀ ਦਿਨ ਨੂ ਆਉਂਦੀ ਹੈ ਅਰਰਾਤ ਨੂ ਘਟ ਜਾਂਦੀਹੈ ਔਰ ਏਕ ਕਿਸਮਹੈ ਉਸਨੂ ਲੇਲੀ ਕਹਿੰਦੇ ਹਨ ਵੋਹ ਇਸਤਰਾਂ ਪਰ ਹੈ ਕਿ ਰਾਤੀ ਆ ਚੜੇ ਅਰ ਦਿਨ ਨੂ ਉਤਰ ਜਾਇ ਅਰ ਯੇ ਤਪ ਦੋਨੋ ਬੁਰੇ ਹੈਨ ਸੋ ਨਿਹਾਰੀ ਤਪ ਬੜਾ ਚਿਰ ਰਹਿੰਦਾ ਹੈ ਇਸ ਸਬਬ ਸੇ ਕਿ ਉਸਦਾ ਸਬਬ ਤਕੜਾ ਹੈ ਅਰ ਇਨਾਂ ਤਪਾਂ ਦੇ ਦਿਕਤਪ ਦੇ ਹੋਨੇ ਦਾ ਬੀ ਡਰ ਹੈ॥ ਇਲਾਜ॥ ਜੋ ਬਲਗਮੀ ਤਪਾਂ ਵਿਚ ਲਿਖਿਆ ਹੈ ਉਸੇ ਆਨੂਨ ਦੀ ਰਿਆਇਤ ਰਖੇ ਅਰ ਵਰਤੇ ਅਰ ਕਦੀ ਤਪ ਨਿਹਾਰੀ ਅਰ ਲੇਲੀਇਸਬਲਗਮਜਜਾਜੀ ਨਾਲ ਜੋ ਸਰੀਰ ਵਿਚ ਫੈਲਜਾਏ ਅਰ ਬਹੁਤਘਟਗੰਦਾ ਹੋਵੇ ਪੈਦਾ ਹੁੰਦੀ ਹੈ॥ ਇਲਾਜ॥ ਮੁਲਾਇਮੀ ਅਰਸਰਦਾਈ ਕਰੇ ਅਰ ਜੋ ਚੀਜ ਬਲਗਮ ਪੈਦਾ ਕਰੇ ਓਹ ਨਾ ਦੇਵੇ ਅਰ ਖੀ-

ਰਿਆਂ ਦੇ ਬੀਜ ਤੇ ਸ਼ਰਬਤ ਬਜੂਰੀ ਨਾਲ ਪੇਸ਼ਾਬ ਵਗਾਉ ਨਾ ਚੰਗਾਹੈ ਅਰ ਹਮਾਮ ਅਰ ਮੁਸਕਤ ਅਰ ਵਰਗਸਨਾਲ ਮੁੜਕਾ ਲਿਆਵਨਾ ਨਫਾ ਕਰਤਾ ਹੈ ਅਰ ਬਲਗਮ ਦੀ ਸਫਾਈਜਰੂਰੀਹੈ ॥ ਚੌਥੀ ਕਿਸਮਤਪ ਸੌਦਾਵੀ ਦੇ ਬਿਆਨ ਵਿਚ ਇਸ ਦੀਆਂ ਕਿਸਮਾਂ ਜੈਸੇ ਰਬਾ ਤੇ ਖਸਮ ਤੇ ਸਦਸ ਤੇ ਸੀਅ ਤੇ ਸਮਨ ਤੇ ਤਸਾ ਅਰ ਅਸਰ ਆਦਿਕ ਪਰ ਕਿਸਮ ਰਬਾ ਹੋਰਨਾਂ ਕਿਸਮਾਂਨਾਲੋਂਬਹੁਤਾਉਤਪਤਿਹੁੰਦਾਹੈ ਇਸਕਰਕੇ ਏਹ ਵਖਰੀਤਰਾਂ ਵਿਚ ਦਸਿਆ ਗਿਆ ਹੈ ਅਰ ਬੇਸ਼ਕ ਹੋਰਨਾ ਕਿਸਮਾ ਦਾਭੀ ਏਹੀ ਇਲਾਜ ਹੈਜਿਸ ਤਰਾਂ ਰਬਾ ਵਿਚਦਸਿਆ ਹੈ ਪਰ ਬਾਜੇਫਾਇਦਿਆਂਵਿਚ ਇਨਾਂ ਨੂੰ ਵਖਰੀ ਤਰਾਂ ਵਿਚ ਦਸਿਆ ਜਾਵੇਗਾ ਪਰਮੇਸਰ ਜੀਦੀ ਕਿਰਪਾਨਾਲ ॥ ਪਹਿਲੀਤਰਾਂ ਰਬਾ ਯਾਨੇ ਚੌਥੇ ਦੇ ਬਿਆਨ ਵਿਚ ॥ ਯੇ ਦੋ ਤਰਾਂਪਰ ਹੈ ਇਕਤਾਂ ਵੋਹਹੈ ਕਿ ਮਾਦਾ ਰਗਾਂ ਦੇ ਬਾਹਰ ਗੰਦਾ ਹੋ ਉਸਨੂੰ ਰਬਾ ਦਾਇਰਾ ਕਹਿੰਦੇ ਹਨ ਦੂਸਰੇ ਯੇਹ ਕਿ ਰਗਾਂ ਦੇ ਅੰਦਰ ਗੰਦਾ ਹੋਵੇ ਉਸਨੂੰ ਰਬਾ ਲਾਜ਼ਮਾ ਬੋਲਦੇਹਨ ਔਰ ਹਰਇਕਇਕ ਸਨਫਕਹੀਏਤਰਾਂ ਵਿਚ ਦਸਾਂਗੇ ॥ ਪਹਿਲੀ ਤਰਾਂ ਰਬਾ ਦਾਇਰਾ ਕੇ ਬਿਆਨ ਵਿਚ ॥ ਵੋਹ ਇਸਤਰੀ ਪਰ ਹੈ ਕਿ ਦੋ ਦਿਨ ਵਿਚ ਛਡ ਕੇ ਚੜ੍ਹੇ ਅਰ ਜੋ ਕਿ ਇਸ ਦੇ ਚੜ੍ਹਨੇ ਦਾ ਦਿਨ ਉਤਰਨੇ ਦੇ ਦਿਨ ਸੇ ਚੌਥਾ ਦਿਨ ਹੁੰਦਾ ਹੈ ਇਸ ਲਈ ਇਸ ਦਾ ਨਾਮ ਰਬਾ ਯਾਨੇ ਚੌਥਾ ਰਖਿਆ ਗਿਆਅਰਏਹਤਪ ਹੋਰਨ

ਤਪਾਂਦੇ ਪਿਛੋਂ ਬੀ ਹੋਜਾਂਦਾ ਹੈ ਜੋ ਮਾਦੇ ਦੇ ਗੰਦੇ ਹੋਇਆਂ ਹੁੰਦੇ ਹਨ, ਅਰ ਕਦੀ ਪਹਲੋਂ ਹੀਂ ਹੋਜਾਂਦਾ ਹੈ ਅਰ ਬਹੁਤਾ ਇਸਤਪਵਿਚ ਡਰ ਨਹੀ ਹੁੰਦਾ ਅਰ ਜੇਕਰ ਅਛਾ ਇਲਾਜਹੋਵੇਤਾਂਇਕ ਵਾਰਾ ਰਹਿੰਦਾ ਹੈ ਅਰ ਆਦਮੀ ਇਸ ਤਪ ਦੇ ਸਬਬ ਸੌਦਾਵੀ ਰੋਗਾਂ ਨਾਲ ਜੈਸੇ ਸਰਾਅ ਮਾਲੀ ਖੌਲੀਆ ਅਰਤਸੱਨਜ ਸੇ ਬਚ ਜਾਤੇ ਹੈਂ ਅਰ ਜੇਕਰ ਅਛਾ ਇਲਾਜ ਨਾ ਹੋਵੇ ਯਾ ਕੋਈ ਭੁਲ ਹੋਜਾਵੇ ਯਾ ਮਾਦਾ ਬਹੁਤ ਗਾੜ੍ਹਾ ਅਰ ਕੱਚਾ ਹੋਵੇ ਉਸਦੀ ਮੁਦਤ ਬੜੀ ਚਿਰਕੀ ਹੋ ਜਾਂਦੀਹੈ ਅਰਸ਼ਾਇਦ ਕਿ ਬਾਰਾਂ ਸਾਲ ਤਕਰਹੇ ਅਰ ਜਿਥੇ ਵਡੀ ਮੁਦਤ ਹੁੰਦੀ ਹੈ ਅਕਸਰ ਜ਼ਲੋਧਰ ਹੋਜਾਂਦਾ ਹੈ ਅਰ ਉਸਦੇ ਲਛਣ ਅਸਲੀ ਹੈਨ ਕਿ ਪਹਿਲੀ ਵਾਰੀ ਵਿਚ ਕਾਂਬਾ ਅਰ ਪਾਲਾ ਘਟ ਹੋਵੇ ਅਰ ਹਰ ਵਾਰੀ ਵਿਚ ਵਧਤਾ ਜਾਵੇ ਏਥੋਂ ਤਕ ਕਿ ਛੇਕੜ ਨੇੜੇ ਆਜਾਏ ਅਰ ਛੇਕੜ ਦੇ ਪਿਛੋਂ ਇਸੀਤਰਾਂ ਹੌਲੀ ਹੌਲੀ ਘਟ ਹੋਜਾਵੇ ਅਰ ਇਸ ਤਪ ਦੇ ਪਾਲੇ ਦਾ ਸੁਭਾਉ ਹੈ ਕਿ ਉਸਦੇ ਸਾਥ ਹਡੀਆਂ ਦਰਦ ਕਰਨ ਅਰਟੁਟਜਾਂਦੀਆਂਹੈਨਅਰ ਜੋਰ ਨਾਲ ਹਿਲਾਉਂਦਾ ਹੈ ਅਰ ਕੰਬਾਉਂਦਾ ਹੈ ਐਸਾ ਕਿ ਦੰਦ ਨਾਲ ਦੰਦ ਵਜਨ ਲਗ ਪੈਂਦਾ ਹਨ ਅਰ ਚਿਰ ਪਿਛੋਂ ਸਰੀਰ ਗਰਮ ਹੋਜਾਂਦਾ ਹੈ ਅਰ ਰਬਾ ਖਾਲਸ ਦੀ ਵਾਰੀ ਚੌਬੀਸ ਘੰਟੇ ਹੁੰਦੇ ਹਨ ਅਰ ਅਰਾਮ ਦੀ ਮੁਦਤ ਅਠਤਾਲੀਸ ਘੰਟੇ ਸੋ ਵਾਰੀ ਦੀ ਪਹਿਲ ਸੇ ਲੈਕਰ ਦੂਸਰੀ ਵਾਰੀ ਦੀ ਪਹਿਲ ਤਕ ਬੜੀ

ਚੰਗੀ ਘੜੀ ਹੁੰਦੀ ਹੈ ਅਰ ਜਰੀਬਾ ਦੇ ਲਛਣ ਵਖਰੇ ਮਾਦੇ ਕੇ ਮੁਵਾਫਿਕ ਜਾਹਿਰ ਹੁੰਦੇ ਹਨ ਅਰ ਇਸ ਤਪ ਦੀਆਂ ਪੰਜ ਕਿਸਮਾਂ ਹਨ ਸੋ ਵਖੋ ਵਖ ਲਿਖਿਆ ਹੈ ਵੇਰਵੇ ਨਾਲ ॥ ਅਰ ਜਾਹਿਰ ਹੋ ਕਿ ਤਪ ਰਬਾ ਯਾਂ ਤਾਂ ਸੌਦਾ ਤਬਈ ਕੇ ਗੰਦ ਸੇ ਹੁੰਦੀ ਹੈ ਯਾਂ ਸੌਦਾਵੀ ਗੈਰ ਤਬਈ ਕੇ ਗੰਦ ਸੇ ਅਰ ਸੌਦਾ ਗੈਰ ਤਬਈ ਯਾ ਖੂੰਨ ਦੇ ਜਲਨੇ ਸੇ ਹੁੰਦੀ ਹੈ ਯਾ ਸਫਰਾ ਦੇ ਜਲਨੇ ਸੇ ਯਾ ਬਲਮ ਦੇ ਜਲਨੇ ਸੇ ਯਾ ਸੌਦਾ ਕੇ ਜਲਣੇ ਸੇ ਜੈਸਾ ਕਿ ਹਕੀਮਾਂ ਨੇ ਕਹਾ ਹੈ ਕਿ ਜੇੜੀ ਖਿਲਤ ਸੜਦੀ ਹੈ ਸੌਦਾ ਗੈਰ ਤਬਈ ਬਨ ਜਾਂਦੀ ਹੈ ਅਰ ਖਿਲਤ ਕੇ ਜਲਨੇ ਸੇ ਯੇ ਮੁਰਾਦ ਨਹੀਂ ਕਿ ਜਲ ਕਰ ਰਾਖ ਹੋ ਜਾਵੇ ਨਹੀਂ ਇਸ ਗਲ ਦਾ ਮਤਬਲ ਏਹ ਹੈ ਕਿ ਉਸਦੀਆਂ ਜੁਜਾਂ ਵਿਚੋਂ ਰਤੂਬਤ ਨਾਸ ਹੋਕਰ ਬਾਕੀ ਗਾੜਾ ਹੋਜਾਏ ਸੋ ਇਸ ਬਾਤ ਦਾ ਲਛਣ ਕਿ ਸੌਦਾਇ ਤਬ-ਈ ਦੇ ਗੰਦ ਨਾਲ ਉਪਜੇ ਯਹ ਹੈ ਕਿ ਨਬਜ ਸਗੀਰ ਹੋ ਅਰ ਪਹਿਲੇ ਉਨਾਂ ਸਬਬਾਂ ਦਾ ਹੋਣਾ ਜਿਨਸੇ ਸੌਦਾ ਪੈਦਾ ਹੋਵੇ ਜੈਸੇ ਮਸੂਰ ਅਰ ਜਾਵਾ ਗੋਸਤ ਅਰ ਕਰਮ ਦਾ ਸਾਗ ਮਛਲੀ ਲੂਣ ਵਾਲੀ ਅਰਮਛਲੀਸਾਦੀਤੇਬਗੈਰਨਿਮਕਸੂਰ ਆਦਿਕ ਦਾ ਖਾਨਾ ਅਰ ਯੇ ਅਕਸਰ ਸਨ ਕਹੋਲਤ ਯਾਂਨੇ ਢਲਤੀ ਉਮਰ ਮੇਂ ਅਰ ਸਰਦ ਖੁਸ਼ਕ ਮਿਜਾਜ ਵਿਚ ਅਰ ਸਾਵਣੀ ਵਿਚ ਪੈਦਾ ਹੁੰਦੀ ਹੈ ਅਰ ਇਸ ਤਪ ਦੇ ਲਛਣ ਜਦ ਕਿ ਖੂਨ ਦੇ ਸੜਨੇ ਨਾਲ ਉਪਜੇ ਵੋਹ ਯੇਹ ਹੈ ਕਿ

ਖੂੰਨ ਦਾ ਜੋਰ ਜ਼ਾਹਿਰ ਹੋਵੇ ਅਰ ਪੇਸ਼ਾਬ ਲਾਲ ਅਰ ਮੂੰਹ ਮੀਠਾ ਅਰ ਸਰੀਰ ਵਿਚ ਗਿਰਾਨੀ ਅਰ ਧੇ ਅਕਸਰ ਜੁ-ਵਾਨ ਆਦਮੀ ਮੋਟਾ ਸਰੀਰ ਬਹੁਤੇ ਖਾਨ ਵਾਲਿਆਂ ਨੂੰ ਅਰ ਫਸਲ ਹਾੜੀ ਦਿਆਂ ਦਿਨਾਂ ਵਿਚ ਉਪਜ ਆਵਤੀ ਹੈ ਅਰ ਇਸ ਤਪ ਰਥਾ ਕੇ ਲਛਣ ਜੋ ਸਫਰਾਦੇ ਸੜਨ ਨਾਲ ਪੈਦਾ ਹੋਵੇ ਧੇਹ ਹੈ ਕਿ ਵਾਰੀ ਛੋਟੀ ਅਰ ਪਿਆਸ ਬਹੁਤੀ ਹੋਵੇ ਅਰ ਮੂੰਹ ਕੌੜਾ ਅਰ ਬਹੁਤ ਮੁੜਕਾ ਅਰ ਨਬਜ ਵਿਚ ਕਾਹਲੀ ਅਰ ਤਵਾਤਰ ਅਰ ਫੜਕਨਾ ਅਰ ਗੁੱਸਾ ਆਉਨਾ ਅਰ ਪਹਿਲ ਵਿਚ ਲੂੰਈਕੰਡੇ ਆਦਿਕ ਕਿ ਗਲ ਬਾਇ ਸਫਰਾ ਕੋ ਲਾਜਮ ਹੀ ਹੋਨਾ ਔਰ ਧੇ ਅਕਸਰ ਜਵਾਨ ਆ-ਦਮੀ ਨੂੰ ਜਿਨਕਾ ਮਿਜਾਜ ਗਰਮ ਵਾ ਖੁਸ਼ਕ ਹੁੰਦਾ ਹੈ ਅਰ ਗਜ਼ਾਵਾਂ ਅਰ ਦਵਾਵਾਂ ਗਰਮ ਖੁਸ਼ਕ ਕੋ ਖਾਤੇ ਹੈਂ ਅਰ ਸਬਬ ਪੜਦਾ ਹੈ ਅਰ ਤਪ ਸਫਲਾਵੀਆਂ ਦੇ ਪਿਛੋਂ ਧੇ ਅਮਰ ਪੇਸ਼ ਆਉਂਦਾ ਹੈ ਅਰ ਇਸ ਤਪ ਰਥਾ ਕੇ ਲਛਣ ਜੋ ਬਲ ਗਮ ਸੜਨ ਨਾਲ ਉਪਜੇ ਵੋਹ ਧੇਹ ਹੈ ਕਿ ਪਸਾਬ ਛਿਦਾ ਗਾੜ੍ਹਾ ਹੋਵੇ ਅਰ ਟੋਹਣ ਵਿਚ ਸਰਦੀ ਅਰ ਨਬਜ ਧੀਮੀ ਅਰ ਕਾਹਲੀ ਅਰ ਪਿਆਸ ਘਟ ਅਰ ਨੀਂਦਰ ਬਹੁਤੀ ਆਦਿਕ ਜੋ ਕੇ ਬਲਗਮ ਦੀਆਂ ਨਿਸ਼ਾਨੀਆਂ ਹੈਨ ਪਰਗਟ ਹੋਨ ਅਰ ਬਲਗਮੀ ਤਪਾਂ ਦੇ ਪਿਛੋਂ ਪੈਦਾ ਹੁੰਦਾ ਹੈ ਅਰ ਬਹੁਤਾ ਬਲਗਮੀ ਮਿਜਾਜ ਵਾਲਿਆਂ ਨੂੰ ਹੁੰਦਾ ਹ ਅਰ ਇਸ ਤਪ ਰਬਾ ਦੇ ਲਛਣ ਜੋ ਸੌਦਾ ਦੇ ਸੜਨੇ ਦੇ

ਪਿਛੋਂ ਉਤਪਤਿ ਹੋਵੇ ਯੇਹ ਹੈ ਕਿ ਬੜੇ ਫਿਕਰ ਅਰ ਸੁਪਨੇ ਹੈਰਾਨਗੀ ਦੇਅਵਿਸਵਾਸਅਰ ਸਰੀਰ ਲਾਲ ਕਾਲਾ ਨੀਲਾ ਜੇਹਾ ਹੋਵੇ ਅਰ ਸਰੀਰ ਦਾ ਲਿਸਾ ਹੋਨਾਅਰਰੰਗਘਸਮੈਲਾ ਹੋਨਾ ਅਰ ਭੁਖਬਹੁਤੀ ਅਰ ਜੋ ਕੁਛ ਸੌਦਾ ਤਬਈ ਦੇ ਗੰਦ ਵਿਚ ਲਿਖਾ ਜਾਏਗਾ ਪਰਗਟ ਹੋਨ ॥ ਫਾਇਦਾ ॥ ਰਬਾ ਦੀਆਂ ਸਾਰੀਆਂ ਕਿਸਮਾਂ ਵਿਚਪਹਿਲਾਪੇਸ਼ਾਬ ਚਿਟਾ ਅਰ ਪਤਲਾਅਰ ਕਚਾ ਅਰ ਸਬਜ ਜੇਹਾ ਹੋਨਾਅਰ ਛੇਕੜ ਦੇ ਪਿਛੋਂ ਕਾਲਾ ਤੇ ਗਾੜ੍ਹਾਹੁੰਦਾਹੈ ਇਸੇਵਾਸਤੇ ਕਹਿੰਦੇ ਹਨ ਜੋ ਸੌਦਾਵੀ ਤਪ ਵਿਚ ਕਾਂਬਾ ਅਰ ਸਰਦੀ ਦਾ ਘਟ ਹੋਨਾ ਅਰ ਪੇਸਾਬ ਕਾਲਾ ਅਰ ਗਾੜ੍ਹਾ ਹੋਨਾ ਮਾਦੇ ਦੇ ਪਕ ਜਾਨ ਦਾ ਨਿਸ਼ਾਨ ਹੁੰਦਾ ਹੈ॥ ਇਲਾਜ॥ ਇਸ ਤਪ ਦੀਆਂ ਸਾਰੀ ਆ ਕਿਸਮਾਂ ਵਿਚ ਇਲਾਜ ਸਾਂਝਾ ਹੈ ਕਿ ਵਾਰੀ ਦੇ ਦਿਨ ਖਾਨੇ ਪੀਨੇ ਸੇ ਪਰਹੇਜ ਕਰੇ ਖਾਸ ਕਰ ਸਰਦ ਪਾਣੀਂ ਸੇ ਅਰ ਜੇਕਰ ਬੀਮਾਰ ਉਸ ਦਿਨ ਭੁਖਾ ਰਖੇ ਬੜਾ ਚੰਗਾ ਹੈ ਅਰ ਵਾਰੀ ਦੀ ਪਹਿਲ ਵਿਚ ਕੈ ਕਰਨੀ ਚੰਗੀ ਹੈ ਅਰ ਜੋ ਕੁਛ ਗਰਮ ਖੁਸ਼ਕ ਹੋ ਅਰ ਸਰਦ ਖੁਸਕਹੋਯਾਬਾਦਅੰਗੇਜ ਯਾਨੇ ਰਿਜਾਹ ਪੈਦਾ ਕਰੇ ਅਰ ਜੇੜ੍ਹੀ ਚੀਜ ਛੇਤੀ ਗੰਦੀ ਹੋ ਜਾਵੇ ਦੁਖਦੇਂਦੀਹੈਜੈਸੇ ਤਰ ਮੇਵੇ ਅਰ ਦਧ ਤੇ ਦਹੀਂ ਅਰ ਸਫਤਾਲੂ ਅਰ ਅੰਗੂਰ ਤੇ ਅਮਰੂਦ ਕਿਉਂਕਿ ਯੇਹ ਸਾਰੇ ਵਾਈ ਪੈਦਾ ਕਰਦੇ ਹੈਨ ਅਰ ਛੇਤੀ ਗੰਦੇ ਹੋਜਾਂਦੇਹਨਅਰ ਇਸੀ ਤਰਾਂ ਸਖਤ ਹਰਕਤਾਂ ਅਰ ਅੰਦੇਸੇ ਅਰ ਰੁਸਾ

ਅਰ ਗ਼ਮ ਆਦਿਕ ਦੁਖ ਦਾਇਕ ਹੈ ਖਾਸਕਰ ਵਾਰੀ ਕੇ ਦਿਨ ਅਰ ਪਹਿਲ ਵਿਚ ਮੁਲਾਇਮ ਅਰ ਸਰਦਾਈ ਅਰ ਤਕੜਾ ਜਲਾਬ ਦੀ ਬਹੁਤ ਰੁਕਾਵਟ ਹੈ ਪਰ ਮਾਦਾ ਪਕਨ ੇ ਪਿਛੋਂ ਜਲਾਬ ਦੇਣਾ ਜਰੂਰੀਹੈ ਅਰਜੇਕਰ ਪਹਿਰਵਿਚ ਹੌਲਾ ਜਲਾਬ ਦੇਵੇ ਕਿ ਮਾਦਾ ਕੁਛਕ ਘਟ ਜਾਵੇ ਤਾਂ ਬੜਾ ਚੰਗਾ ਹੈ ਅਰ ਨਰਮ ਹੁਕਨਾ ਨਿਹਾਇਤ ਚੰਗਾ ਹੈ ਅਰ ਅਰਾਮ ਦੇ ਦਿਨਾਂ ਵਿਚ ਚੰਗੀ ਗਜ਼ਾ ਉਡਣੇ ਜਾਨਵਰਾਂ ਦੇ ਮਾਸ ਦੀ ਤ ੀ ਹੈ ਜੈਸੇ ਬਟੇਰਾ ਅਰ ਕੁਕੜ ਘਰੋਗੇ ਦੇ ਬਚੇ ਆਦਿਕ ਜੋ ਕੁਛ ਕਿ ਗਰਮੀਂ ਅਰ ਤਰੀ ਵਿਚ ਮੁਅਤਦਿਲ ਹੋਵੇ ਅਰ ਜੋ ਕੁਛ ਕਿ ਸਰਦ ਵਾ ਤਰ ਹੈ ਵੋਹ ਭੀ ਘਟਦੁਖ ਦਿੰਦਾ ਹੈ ਕਿਉਂਕਿ ਤਰੀਸੌਦਾਦੇ ਉਲਟਾ ਹੈ ਪਰੰਤੂਚਾਹੀਏ ਕਿ ਉਸ ਵਿਚ ਇਸ ਕਦਰਸਰਦੀਨਾ ਹੋਵੇ ਕਿ ਮਾਦਾ ਕਚਾ ਰਖੇ ਅਰ ਮਾਦੇ ਨੂ ਚਿਰਕਾ ਪਕਾਏ ਔਰ ਜੋਚੀਜ ਕਿ ਬਹੁ ਤਾ ਪੇਸ਼ਾਬ ਵਗਾਉਂਦੀਹੈ ਪਹਿਲ ਵਿਚ ਨਾ ਦੇਨੀ ਚਾਹੀਏ ਜੈਸੇ ਮਿਠਾ ਖਰਬੂਜ਼ਾ ਅਰਸੌਂਫ ਆਦਿਕ ਇਸਲੀਏ ਕਿ ਪਤਲਾ ਮਾਦਾ ਨਿਕਲ ਜਾਏ ਅਰ ਗਾੜ੍ਹਾ ਰਹ ਜਾਏ ਮਾਦੇ ਪਕਣੇ ਪਰ ਚਿਰ ਪੈਂਦਾ ਹੈ ਅਰ ਸਮਝ ਲੈ ਕਿ ਹਰ ਰੋਜ਼ ਗਜ਼ਾ ਦੇ ਪਹਿਲੇ ਗਰਮ ਪਾਨੀ ਵਿਚ ਬੈਠਨਾ ਅਰ ਹਮਾਮ ਮੁਅਤਦਿਲ ਵਿਖੇ ਜਾਨਾ ਪਰ ਮੁੜਕਾ ਨਾ ਆਏ ਅਰ ਦਿਲ ਵਿਚ ਗਰਮੀਂ ਨਾ ਪਹੁਚੇ ਅਰ ਛੌਤੀ ਨਿਕਲ ਆਨਾ ਬੜਾ ਫਾਇਦਾ ਕਰਤਾ ਹੈ ਅਰ ਫਸਦ ਸਭਨਾਂਤਰਾਂਵਿੱਚਹੋਸਕਦਾ

ਹੈ ਪਰ ਜਿਥੇ ਕਿਤੇ ਕਿ ਖ਼ੂਨ ਲਾਲ ਸਾਫ ਆਉਂਦਾ ਹੈ
ਇਸ ਹਾਲਤ ਵਿਚ ਖ਼ੂਨ ਦਾ ਨਿਕਾਲਨਾਂ ਦੁਖ ਦਿੰਦਾ ਹੈ
ਅਰ ਹਰ ਤਰਾਂ ਦੀ ਬਿਧ ਏਸਤਰਾਂ ਪਰ ਹੈ ਕਿ ਜੇਕਰ ਤਪ
ਰਬਾਖ਼ੂਨੀ ਹੋ ਤਾਂ ਪਹਿਲਾਂ ਰਗ ਬਾਸਲੀਕ ਯਾ ਅਕਹਲ
ਖਬੇ ਹਥ ਸੇ ਖੋਲੇ ॥ ਅਰ ਨਾੜ ਖੁਲੀ ਖੋਲੇ ਫੇਰ ਖ਼ੂਨ ਦੇ
ਕੁਵਾਮ ਅਰ ਰੰਗਕੋ ਦੇਖੇ ਜੇਕਰ ਕਾਲਾ ਅਰ ਗਾੜ੍ਹਾ ਹੈ ਲੋੜ
ਮੁਵਾਫਿਕ ਨਿਕਾਲੇ ਅਰ ਜੇਕਰ ਲਾਲ ਅਰ ਸਾਫ ਹੈ ਤਾਂ
ਬੰਦ ਕਰ ਦੇਵੇ ਅਰ ਏਹ ਬੀ ਸਮਝ ਲੈ ਕਿ ਜੇਕਰ ਮਾਦਾ
ਗੰਦਦੇ ਸਬਬ ਨਹੀਂ ਨਿਕਲਦਾ ਅਰ ਹਮਾਮ ਅਰ ਤਦਬੀ
ਰਾਂ ਨਾਲ ਮੁਲਾਇਮ ਕਰਲਵੇ ਅਰ ਫਿਰ ਫਸਦ ਕਰਲਵੇ
ਅਰ ਮਾਉਲ ਜੋਬਨ ਕਿ ਉਸ ਵਿਚ ਅਫਤੇਮੂ ਦੀਕੁਵਤਹੋਵੇ
ਪਿਲਾਵੇ ਕਿ ਦਸਤਾਂ ਵਿਚ ਸੌਦਾ ਦੀ ਸਫਾਈਹੋਵੇਅਰਇਸੀ
ਤਰਾਂ ਜੋ ਚੀਜ਼ ਕਿਸੌਦਾ ਦਾਖਰਚ ਕਰਨਵਾਲੀ ਹੋਵੇ ਅਰਸ-
ਖਤਗਰਮਨਾਹੋਵੇ ਜੈਸੇ ਬਨਫਸਾਪਿਤਪਾਂਪੜਾਮੈਗਹਰੜ ਬ-
ਸਫਾਇਜਲੁਬ ਅਮਲਤਾਸਅਰ ਤੁਰੰਜਬੀਦਾਕਾੜ੍ਹਾਬਨਾ ਕਰ
ਔਰ ਇਦਰਾਰ ਕੇ ਲੀਏ ਸਿਕੰਜਬੀ ਅਰ ਜਵਾਂ ਦੇ ਕੋਟੇ ਦਾ
ਪਾਨੀ ਉਸੇ ਤਰਾਂ ਜੋ ਉਪਰ ਦਸਿਆ ਹੈ ਬੜਾ ਚੰਗਾ ਹੈ ਅਰ
ਜਿਥੇ ਕਿਤੇ ਕਿ ਗਰਮੀ ਤਕੜੀ ਨਾ ਹੋ ਅਰ ਮਾਦਾਪਕ ਗਿ-
ਆ ਹੋਵੇ ਸਿਕੰਜਬੀ ਤੇ ਸੌਂਫ ਦਾ ਪਾਨੀ ਤਰ ਦੇ ਨਾਲ ਬੜੇ
ਅਸਰ ਵਾਲੀ ਹੈ ਅਰ ਜੇਕਰ ਇਲਤਹਾਬ ਕਹੀਏ ਭੜਕੀ
ਅਰ ਗਰਮੀ ਬਹੁਤੀ ਹੋਵ ਸਿਕੰਜਬੀ ਹਰੀ ਕਾਸਨੀ ਦੇ ਪਾ

ਨੀ ਵਿਚ ਤਰਬੂਜਦੇ ਪਾਨੀ ਵਿਚ ਅਰ ਸਰਦ ਤਰ ਚੀਜਾਂ ਵਿਚ ਚੰਗਾ ਹੈ ਅਰ ਜੇਕਰ ਤਪਦਾ ਮਾਦਾ ਗਾੜ੍ਹਾ ਹੋਵੇ ਅਰ ਬੜਾ ਚਿਰ ਗੁਜਰ ਚੁਕਾ ਤਾਂ ਚਾਹੀਏ ਕਿ ਅਰਾਮ ਦੇ ਦਿਨਾਂ ਵਿਚ ਪੰਜ ਮਿਸਕਾਲ ਗੁਲਕੰਦ ਸ਼ਰਬਤ ਸਿਕੰਜਬੀ ਵਿਚ ਰਲਾਕਰ ਗਰਮ ਪਾਨੀ ਦੇ ਨਾਲ ਦੇਵੇ ਅਰਜਬ ਬੀਮਾਰੀ ਦੇ ਸ਼ੁਰੂ ਤੋਂ ਦਿਨ ਗੁਜਰ ਚੁਕੇ ਹੋਨ ਤਾਂ ਸ਼ਾਹ ਤਰੇ ਦਾ ਕਾੜ੍ਹਾ ਅਰ ਹਰੜਾਂ ਦਾ ਕਾੜ੍ਹਾ ਦੇ ਸਕਤੇ ਹੈਂ ਅਰ ਇੰਦ੍ਰੀਝਾੜ ਅਰ ਦਸਤਾਂ ਦ ਪਿਛੋਂ ਖੂਬ ਅਮਲ ਕਰਤਾ ਹੈ ਅਰ ਜੇਕਰ ਵਾਰੀ ਦੇ ਪਿਛੋਂਹਮਾਮਮੁਅਤਦਿਲਵਿਚਲੈਜਾਏ ਅਰ ਇਤਨਾ ਚਿਰ ਰਖੇ ਜੋ ਹਮਾਮ ਦੀ ਤਰਾਵਤ ਨਾੜਾਂ ਦੇ ਅੰਦਰ ਅਰਜੋੜਾਂ ਵਿਚ ਪਹੁੰਚਜਾਵੇ ਅਰ ਮੁੜਕਾ ਲਿਆਵਣ ਤੋਂਪਹਿਲੇ ਨਿਕਾਲ ਲਾਏ ਇਸ ਬਿਧ ਨਾਲ ਤਬਾ ਦੀ ਖਿ-ਲਤ ਨਰਮ ਹੁੰਦੀ ਹੈ ਅਰ ਪਕ ਜਾਂਦੀ ਹੈ ਅਰ ਰੋਗ ਦੀ ਪਹਿਲ ਵਿਚ ਜਿਗਰ ਅਰ ਤਿਲੀ ਵਿਚ ਸਖਤੀ ਨਾ ਪੈਜਾਵੇ ਇਸਦਾ ਧਿਆਨ ਰਖੇ ਅਰ ਫਸਦ ਦੇ ਪਿਛੋਂ ਕੁਕੜ ਅਰ ਬਟੇਰਾ ਅਰ ਜਵਾਨ ਬਕਰੀ ਦੇ ਮਾਸਦੀ ਤਰੀ ਵਿਚ ਧੋਤੀ ਹੋਈ ਮਹਾਂ ਦੀ ਦਾਲ ਅਰ ਛੋਲਿਆਂ ਦਾ ਦਰੜਾ ਪਕਾਕੇ ਅਰ ਆਬਕਾਮਾ ਤੇ ਇੰਬਲੀ ਦਾ ਪਾਣੀ ਅਰ ਅਨਾਰਾਂ ਦੇ ਪਾਨੀ ਦੀ ਖਟਿਆਈ ਮਿਲਾਕਰ ਦੇਨੀ ਨਫਾ ਕਰਦੀ ਹੈ॥

ਅਰ ਜੇਕਰ ਰਬਾ ਸਫਰਾਵੀ ਹੋਵੇ ਤਾਂ ਪਹਿਲਾਂ ਸਰਦਾਈਯਾ ਤਰਾਵਤ ਸੇ ਇਲਾਜ ਕਰੇ ਅਰ ਇਸ ਕੰਮ ਦੇ ਵਾਸਤੇ ਜਵਾਂ

ਦੇ ਕੋਟੇ ਦਾ ਪਾਣੀ ਅਰ ਖੁਰਫੇ ਦੇ ਬੀਜਾਂ ਦਾ ਪਾਣੀ ਅਰ ਖੀਰਿਆਂ ਦਾ ਪਾਣੀ ਸਕੰਜਬੀ ਆਦਿਕ ਦੇ ਨਾਲ ਜੈਸਾ ਕੁਛ ਮੁਨਾਸਬ ਹੋਵੇ ਦੇਵੇ ਅਰ ਪਹਿਲ ਵਿਚ ਮੁਲੈਮੀ ਤਬਾ ਦੇ ਵਾਸਤੇ ਬਨਫਸ਼ਾ ਆਲੂ ਬੁਖਾਰਾ ਲਸੂੜੀਆਂ ਮੁਲੱਠੀ ਮੁਨੱਕਾ ਕਾਸਨੀ ਦੇ ਬੀਜਾਂ ਦੇ ਕਾੜ੍ਹੇ ਵਿਚ ਅਮਲਤਾਸ ਦਾ ਗੁਦਾ ਰਲਾਕਰ ਦੇਣਾ ਮੁਨਾਸਬ ਹੈ ਅਰ ਐਸਾਹੀ ਸ਼ਰਬਤ ਵਰਦ ਮੁਕਰਰ ਅਰ ਸਰਬਤ ਬਨਫਸਾ ਅਰ ਮਾਉਲ ਜੋਬਨ ਅਰ ਜਬ ਸ਼ੁਰੂ ਮਰਜ ਸੇ ਬੀਸ ਦਿਨ ਗੁਜ਼ਰੇ ਹਰੜਾਂ ਦਾ ਕਾੜ੍ਹਾ ਕਿਉਸਮੇਂ ਅਫਤੇਮੂ ਅਰ ਸਰਨਾ ਅਰ ਇੰਬਲੀ ਅਰ ਪਿਤਪਾਪੜਾਂ ਤੇ ਬਨਫਸਾ ਪਾਈ ਹੋਵੇ ਨਫਾ ਕਰਤਾ ਹੈ ਅਰਏਥੇ ਹਮਾਮ ਮਾਦਾ ਪਕਣੇ ਤੋਂ ਪਿਛੋਂ ਫਾਇਦਾ ਦੇਤਾ ਹੈ ਗਜਾ ਮਹਾਂ ਅਰ ਚਾਵਲ ਅੰਗੂਰ ਕੇ ਸਾਥ ਚੰਗਾ ਹੈ ਅਰ ਜੇਕਰ ਤਾਕਤ ਵਿਚ ਨਕੁਬਤ ਹੈ ਅਰਾਮ ਦੇ ਦਿਨਾਂ ਉਡਣੇ ਜਾਨਵਰਾਂ ਦਾ ਮਾਸ ਭੀ ਦੇ ਸਕਤੇ ਹੈਂ ਅਰ ਜਿਥੇ ਕਿਤੇ ਲੌਦੇ ਵੇਲੇ ਤਪ ਚੜਦਾ ਹੋਵੇ ਅਰ ਰੋਗੀ ਨਤਾਕਤ ਹੋਵੇ ਗਜਾ ਸੇ ਮਨੇ ਨਹੀਂ ਚਾਹੀਏ ਸਵੇਰ ਵੇਲੇ ਕਿਸੇ ਹੌਲੀ ਚੀਜਦਾ ਹੁਕਮ ਹੈ ਬੇਫਿਕਰ ਦੇਦੇਵੇ ਸਗੋਂ ਬਾਜੀਜਗਾ ਐਸਾ ਦੇਖਿਆ ਹੈ ਕਿ ਜੇਕਰ ਸਵੇਰੇ ਵਾਰੀ ਕੇ ਦਿਨ ਕੋਈ ਹੌਲੀ ਗਜਾ ਦਿਤੀ ਗਈ ਉਸਦਿਨ ਵਾਰੀ ਘਟਆਈ ਅਰ ਜੇਕਰ ਕੁਛ ਨਾ ਦਿਤਾ ਵਧੀਕ ਤਪ ਚੜਗਿਆ ਇਸੇ ਵਾਸਤੇ ਹਕੀਮਾਂ ਨੇ ਕਹਾ ਕਿ ਯੇ ਬਾਤ ਹਕੀਮ ਸਿਆਣੇ ਦੀ ਰਾਇ

ਪਰ ਰਖਣਾਹੈ ਜੈਸਾਕੁਛ ਉਸਦੀ ਸਮਝ ਵਿਚ ਅਛਾ ਮਾਲੂਮ
ਹੋਵੇ ਸੋ ਕਰੇ ਅਰ ਫਸਦ ਇਸ ਕਿਸਮ ਵਿਚ ਜਿਸ ਕਦਰ
ਚਿਰ ਲਾਵੇ ਬੜਾ ਚੰਗਾ ਹੈ ਅਰ ਸ਼ਾਇਦ ਕਿ ਪਹਿਲ ਵਿਚ
ਹੀ ਚੰਗਾ ਹੋਵੇ ਅਰ ਜਿਥੇ ਕੋਈ ਗਲ ਰੋਕਣ ਵਾਲੀ ਨਾ
ਹੋਵੇ ਵਾਰੀ ਦੀ ਪਹਿਲ ਵਿਚ ਕੈ ਕਰਾਨੀ ਨਿਹਾਇਤ ਚੰਗੀ
ਹੈ ਅਰ ਜੇਕਰ ਤਪ ਰਬਾ ਬਲਗਮੀ ਹੋਵੇ ਹਰ ਸਵੇਰੇ
ਦਸ ਦਿਰਮ ਗੁਲਕੰਦ ਸਹਿਤ ਵਾਲੀ ਪੰਦਰਾਂ ਦਿਰਮ ਸੌਂਫ
ਦਾਪਾਨੀਕਰਫਸਦਾਪਾਣੀਦਸ ਦਿਰਮ ਵਿਚ ਜੋਸ਼ਦੇਕਰਸਾਫ
ਕਰ ਲਵੇ ਅਰ ਦੇਵੇ ਅਰ ਵਾਰੀਕੇਦਿਨ ਖਾਸਕਰਪਹਿਲਦੇ
ਵੇਲੇਸੋਏ ਮੂਲੀਦੇਬੀਜਦਾਕਾੜ੍ਹਾ ਅਰ ਸਿਕੰਜਬੀਸੇ ਕੈ ਕਰਾਏ
ਉਸਦੇਬਾਦਤ੍ਰਾਕਤਮੇਧੇਦੇਵਾਸਤੇਗੁਲਕੰਦਖੁਲਾਵੇ ਅਰ ਇਸ
ਤਪ ਵਿਚ ਬੀਮਾਰੀ ਦੀ ਪਹਿਲਵਿਚ ਕੋਈ ਤਕੜਾ ਜਲਾਬ
ਨਾ ਕਰਨਾ ਚਾਹੀਏ ਪਰ ਜੇਕਰ ਮੁਲੈਮੀ ਕਰਨੀ ਚਾਹੀਏ
ਪਾਂ: ਦਿਰਮ ਮੁਅਤਰ ਤੁਖਮ ਮੁਅਸਫਰ ਕੁਟ ਕਰ ਅਰ
ਦਸ ਦਿਰਮ ਸਕਰ ਅਰ ਅਧਸੇਰ ਪਾਣੀਇਸ਼ਕ ਪੇਚੇਦਾ ਪਿ-
ਲਾਨਾਚੰਗਾ ਹੈ ਅਰ ਜੇਕਰ ਇਸ਼ਕਪੇਚਾ ਹਥਨਾਲਗੇਤਾਂਪੰਜ
ਦਿਰਮ ਜੰਗਹਰੜਾਂ ਕੁਟ ਕਰ ਅਰ ਪੰਜ ਦਿਰਮ ਤੁਖਮ
ਮੁਅਸਫਰ ਮੁਨੱਕੇ ਮੈ ਪਾਨੀ ਮਿਲਾਕਰ ਦੇਵੇ ਅਰ ਹਰ ਹ-
ਫਤੇ ਵਿਚ ਇਕਬਾਰ ਗਲਗਬੀਨ ਜਲਾਬ ਖੁਲਾਏ ਬੜਾ
ਫਾਇਦਾਕਰਤਾਹੈਅਰਜੇਕਰਬੀਮਾਰਗਰਮਮਿਜਾਜਅਰ ਲਿ-
ਸਾ ਗਰਮੀਦਾਮੌਸਮ ਹੋਵੇਮਾਇਲਜੋਬਨਅਰਸਕਰਸੇ ਯਾ ਹੁ-

ਕਨਾ ਮੁਲਾਇਮ ਸੇ ਬ ਾਝਰੀ ਕਰੇ॥ਅਰ ਸਿਕੰਜਬੀ ਬਜੂਰੀ ਮੁਲੈਮੀ ਅਰ ਨਰਮੀ ਦੇ ਲੀਏ ਚੰਗਾ ਹੈ ਅਰ ਰਿਆਜ਼ਤ ਅਰ ਸਰੀਰ ਨੂੰ ਸਹਿਜਨਾਲ ਮਲਨਾਮੁਸਾਮ ਅਰਖਿਲਤ ਦੇ ਦਰੁਸਤ ਕਰਨੇ ਵਾਸਤੇ ਚੰਗਾ ਹੈ ਅਰਗਜਾਕੁਕੜਅਰ ਚ-ਕੋਰ ਦਾਸ਼ੋਰਬਾਖੁਲਾਵੇ ਅਰ ਜੇਕਰਬਰਾਬਰੀ ਚਾਹੇ ਚਕੰਦਰ ਅਰਪਾਲਕ ਵਧਾਵੇ ਅਰ ਜਿਸ ਵੇਲੇ ਕਿ ਮਾਦੇਪਕੇਦੇ ਲਛਣ ਜ਼ਾਹਿਰ ਹੋਨ ਜੁਲਾਬ ਤਕੜਾ ਵਰਤ ਲੇਵੇ ਜੈਸੇ ਕਾੜ੍ਹਾਅਫ-ਤੇਮੂ ਅਰ ਹਬਅਫਤੇਮੂ ਆਦਿਕ ਜੋਚੀਜ਼ ਕਿ ਬਲਗਮਅਰ ਸੌਦਾ ਕਾ ਖਰਚਹੁੰਦਾਹੈ ਅਰ ਦਸਤਾਂਦੇ ਬਾਦ ਕੁਰਸਜਿਰਕ ਤਾਕਤ ਜਿਗਰ ਕੇ ਵਾਸਤੇ ਅਰ ਕੁਰਸਗਾਫਸ ਤਿਲੀ ਦੀ ਤਾਕਤ ਵਾਸਤੇ ਦੇਨਾ ਚਾਹੀਏ ਅਰ ਜਿਥੇ ਕਿਤੇ ਜਾੜਾ ਜ਼ੋਰ ਆਉਂਦਾਹੈਵਾਰੀਦੀਪਹਿਲਵਿਚਪਾਨੀਮੈ ਬਨਫਸਾ ਬਾਬੂਨਾ ਖਤਮੀ ਦੇ ਫੁਲ ਗੁਲਾਬ ਪਕਾਕਰ ਦਰਮ ਪਾਨੀਬੀਮਾਰਕੇ ਪਾਸ ਰਖੇ ਅਰ ਹੁਕਮ ਕਰੇ ਕਿ ਇਕ ਚਾਦਰ ਸਿਰ ਪਰ ਡਾਲ ਦੇਵੇ ਤਾਕਿ ਉਸਕਾ ਬੁਖਾਰ ਬਾਹਰ ਨਾ ਨਿਕਲੇ ਅਰ ਖੂਬ ਦੇਰ ਤਕ ਰਖੇ ਗਲੰਗਬੀਨ ਮੁਸਹਲ ਤ੍ਰਿਵੀ ਚਾਰ ਟਾਂਗ ਸੁੰਢ ਅਧਾ ਟਾਂਗ ਬਸਫਾਇਜ ਅਧਾ ਦਿਰਮ ਗਲੰ-ਗਬੀਨ ਦਸ ਦਿਰਮ ਦਵਾ ਕੁਟ ਕਰ ਗਲੰਗਬੀਨ ਮੈ ਮਿ-ਲਾਏ ਯੇ ਏਕ ਖੁਰਾਕ ਹੈ ਸਫੂਫ ਕਿ ਨੁਜਜ ਕੇ ਬਾਦ ਹਰ ਹਫਤੇਵਿਚਇਕਵਾਰ ਦੇਵੇ ਹਰੜ ਕਾਬਲੀ ਜੰਗਹਰੜ ਹਰਇਕ ਸਤ ਦਿਰਮ ਬਸਫਾਇਜ ਅਫਤੇਮੂਹਰਇਕ ਤਿੰਨ

ਦਿਰਮ ਉਨਕੋ ਕੁਟ ਛਾਨ ਕਰ ਰਖੇ ਖੁਰਾਕ ਤਿੰਨ ਦਿਰਮ ਸਕਰ ਤਿੰਨ ਦਿਰਮ ਦੇ ਨਾਲ ਰਲਾਕੇ ਦੇਵੇ ਅਰ ਉਸਪਰ ਗਰਮ ਪਾਨੀ ਪਿਲਾਏ ਅਰ ਜਬ ਤਪ ਨੂੰ ਚਿਰ ਗੁਜਰ ਜਾਏ ਅਰ ਸਿਆਲ ਦਾ ਮੌਸਮ ਹੋਵੇ ਮਾਜੂਨ ਅੰਗਜਦਅਰ ਫਲਾਫਿਲੀ ਅਰ ਦੂਸਰੀ ਆਂਗਰਮ ਦਵਾਵਾਂ ਦੀਆਂ ਮਾਜੂਨਾਂ ਨਫਾ ਕਰਤੀ ਹੈਂ ਅਰ ਮਸਰੂਦੀਤੂਸ ਅਰ ਤਰਿਯਾਕਕਬੀਰ ਦੋ ਟਾਂਗ ਹਰ ਵਾਰੀ ਵਿਚ ਬੜਾ ਚੰਗਾ ਹੈ ਅਰ ਹਿੰਦੁਸਤਾਨ ਦੇ ਹਕੀਮਾਂ ਦੀ ਦਵਾਈਆਂ ਇਸ ਰੋਗ ਵਿਚ ਬੜਾ ਅਸਚਰਜ ਨਫਾ ਕਰਦੀਆਂ ਹੈਂ ਅਰ ਜੇਕਰ ਲੋੜ ਦੇਖੇ ਫਸਦ ਕਰ ਸਕਤੇਹੈਂ ਅਰਜੇਕਰ ਰਬਾ ਸੌਦਾਵੀਹੋਵੇਚਾਹੇ ਸੌਦਾ ਤਬਈ ਕੇ ਗੰਦ ਸੇ ਚਾਹੇ ਸੌਦਾਕੇ ਜਲਨੇਸੇਸਮਝਲੈਕਿਉਸਕੀ ਤਤਬੀਰ ਰਬਾ ਬਲਗਮੀ ਕੇ ਨੇੜੇਨੇੜੇ ਹੈ ਅਰ ਝਾੜਤਕੜਾ ਮਾਦਾ ਪਕਣੇ ਦੇ ਪਹਿਲੇਨਾ ਕਰਨਾਚਾਹੀਏਔਰ ਜਦਮਾਦਾ ਪਕਣਾਜਾਹਿਰ ਹੋਵੇਅਰਕਾਂਬਾ ਘਟਹੋਜਾਵੇ ਜਲਾਬ ਤਕੜਾ ਅਰਫਸਦਅਰਇੰਦ੍ਰੀਵਾੜਅਰਮਾਲਸ ਕਰਨਾ ਸਭ ਜਾਇਜ ਹੈ ਅਰ ਇਸਤਰਾਂ ਵਿਚਜਲਾਬਕਈਵੇਰੀਦੇਵੇ ਅਰਜਲਾਬਾਂ ਦੇ ਵਿਚਕਾਰ ਕੁਵਤ ਦੀ ਰਿਆਇਤਰਖੇਕਿਉਂਕਿ ਸੌਦਾਵੀ ਮਾਦਾ ਮੁਸਕਲ ਸੇ ਅਸਰ ਮਾਨਤਾਹੈ ਛੇਤੀ ਨਹੀਂ ਨਿਕਲਦਾ ਅਰ ਹਰ ਝਾੜ ਕੇ ਪਿਛੋਂ ਮਾਦੇਨੂੰ ਜਰੂਰਪਕਾਉਣਾ ਚਾਹੀਏ ਤਾਕਿ ਕੁਵਤ ਬਨੀ ਰਹੇ ਅਰ ਮਾਦਾ ਬੀ ਖਿਲੈਕੁਲ ਜੜ ਸੇ ਉਖੜ ਜਾਏ ਅਰ ਜਿਗਰ ਅਰ ਤਿਲੀ ਦੀ ਤਾਕਤ ਪਹਿਲ

ਵਿਚ ਸਿਕੰਜਬੀ ਸੇ ਅਰ ਬੀਮਾਰੀ ਕੇ ਔਸਤਮੈ ਕੁਰਸਜਰਿ-
ਸ਼ਕ ਅਰਕ ਾਫਸਸੇ ਜਰੂਰੀ ਸਮਝੇ ਅਰ ਨੌਬਤਕਹੀਏਵਾਰੀ
ਕੇ ਦਿਨ ਕਿਸੇ ਤਰਾਂ ਦਾ ਝਾੜ ਨਾ ਦੇਵੇ ਪਰ ਕੈ ਅਰ ਮਾਦਾ
ਪਕਣਦੇ ਪਿਛੋਂ ਜਦਨਾੜਖੋਲੇਤਾਂਬਾਸਲੀਕ ਖੋਲਨੀ ਚਾਹੀਏ
ਖਾਸਖਬੇਹਬ ਦੀਅਰਚਾਹੀਏ ਕਿ ਨਾੜਖੁੱਲੀਖੋਲੇਅਰਸਾਇ
ਦਕਿਸਾਫਣਦੀਲੋੜਪੜੇਅਰਇਸਰਬਾਕੇਜਲਾਬਾਂਵਿਚੋਂਅਫ-
ਤੇਮੂ ਅਰਬਸਫਾਇਜਅਰ ਗਾਰੀਕੂਨ ਅਰ ਹਜਰਅਲਮਨੀ
ਅਰ ਹਜਰਲ ਅਸਵਦ ਅਰ ਹਜਰ ਅਲ ਜਰਵਦ ਅਰ
ਖਰਬਕ ਸਿਆਹ ਬਹੁਤਾਂ ਪਾ ਦੇਨਾ ਚਾਹੀਏ ਅਰ ਜਾਲੀਨੂਸ
ਕਹਿੰਦਾ ਹੈ ਕਿ ਬਹੁਤ ਸਾਰੇ ਤਪ ਸੌਦਾਵੀ ਕਾ ਮੈਨੇ ਇਸ
ਤਰੀਕੇ ਨਾਲ ਇਲਾਜ ਕੀਆ ਕਿ ਮਾਦਾ ਪਕਣ ਦੇ ਪਿਛੋਂ
ਜਲਾਬ ਦੀਆ ਉਸਦੇ ਪਿਛੋਂ ਅਨੇਕਦਿਨ ਸ਼ਰਬਤ ਅਫਮੰ
ਤੀਨ ਪਿਲਾਇਆ ਫਿਰ ਤਰਿਯਾਕ ਕਬੀਰ ਖਿਲਾਇਆ
ਫਾਇਦਾ ਹੋਗਿਆ ਅਰ ਸ਼ਰਾਬ ਚਿਟੀ ਪਤਲੀ ਸਾਫੀ ਇਸ
ਤਪ ਵਿਚ ਨਫਾ ਕਰਦੀ ਹੈ ਅਰ ਜੋ ਚੀਜ ਗਰਮਵਾਤਰਹੈ
ਦੇ ਸਕਤੇ ਹੈਂ ਇਸਮ੍ਰਤ ਪਰ ਕਿ ਬਹੁਤਾ ਗੰਦ ਨਾ ਹੋ॥
ਖਬਰਦਾਰੀ॥ ਹ ਮਹੀਨੇ ਦੀ ਪਹਿਲ ਵਿੱਚ ਫਸਦ ਉਸੈ-
ਲਮ ਦਾ ਕਰਨਾ ਅਰ ਥੋੜਾ ਜੇਹਾ ਖਨ ਨਿਕਾਲਨਾ ਸਾਰਿ
ਆਂ ਕਿਸਮਾਂ ਵਿਚ ਚੰਗਾਹੈ ਅਤੇ ਵਾਰੀ ਦੇ ਦਿਨ ਤਿਲੀਨੂੰ
ਮਲਨਾ ਅਰ ਮੁਹਾਜਮ ਕਿਲਾ ਸਰਤ ਕਹੀਏਬਿਨਾ ਪੱਛਾਂਤੇ
ਖਾਲੀਸਿੰਙੀਆਂ ਤਿਲੀਪ ਲਾਉਣੀਆਂ ਅਰ ਬਹੁਤਡੂਸਨਾਂ

ਇਸ ਫਕੀਰ ਦਾ ਪਰਤਾਪਇਆਹੋਇਆਹੈ ਜੋਬੜਾਫਾਇਦਾ ਦਿੰਦਾਹੈ ਅਰ ਜੇਕਰ ਮੁਹਜਮਾਨਾਰੀਕਹੀਏ ਗਲਾਸ-ਲਗਾ-ਉਣੇ ਸਬਤੋਂ ਚੰਗੇਹੈਨ ॥ ਦੂਸਰੀ ਤਰਾਂ ਰਬਾ ਕਹੀਏ ਚੌਥੇ ਲਾਜ਼ਮੇ ਦੇ ਬਿਆਨ ਵਿਚ ਅਰ ਉਸਦਾ ਸਬਬ ਏਹ ਹੈ ਕਿ ਖਿਲਤ ਸੌਦਾਵੀ ਰੰਗਾਂ ਦੇ ਅੰਦਰ ਗੰਦੀ ਹੋ ਜਾਵੇ ਔਰ ਉਸ ਦੇ ਲਛਣ ਏਹ ਹਨ ਕਿ ਤਪ ਮੱਠਾ ਮੱਠਾ ਰੋਜ ਰਹੇ ਅਰ ਚੌਥੇ ਦਿਨ ਜੋਰਦਾ ਚੜ੍ਹੇ ਅਰ ਹੋਰ ਜੋ ਚੌਥੇ ਤਪ ਦੀਆਂ ਨਿਸ਼ਾਨੀਆਂ ਲਿਖੀਆਂ ਹਨ ਪਰਗਟ ਹੋਣ ॥ ਅਰ ਪਾਲਾ ਕੰਮਣੀ ਇਸ ਤਪ ਵਿਚ ਨਹੀਂ ਹੁੰਦਾ ॥ ਇਲਾਜ ॥ ਰਗ ਬਾਸਲੀਕ ਖੋਲ੍ਹੇ ਅਰ ਮਾਦਾ ਪਕਾਉਣ ਵਾਸਤੇ ਗੁਲਕੰਦ ਦੇਵੇਂ ਫੇਰ ਪੇਸ਼ਾਬ ਖੋਲਣ ਨੂੰ ਸਕੰਜਬੀ ਆਦਿਕ ਪਿਆਵੇਂ ਅਰ ਜੋ ਚੀਜ ਗਰਮੀਤੇ ਸਰਦੀਵਿੱਚਮੁਹਤਦਿਲਹੋਵੇ ਦੇਵੇ ਅਰ ਜਦ ਮਾਦਾ ਮੁਲੈਮ ਕਰਨ ਦੀ ਲੋੜ ਹੋਵੇ ਅਫਤੇਮੂ ਦਾ ਕਾੜ੍ਹਾ ਅਰ ਅਫਤੇਮੂ ਦੀਆਂ ਗੋਲੀਆਂ ਨਾਲ ਮੁਲੈਮ ਕਰੇ ਅਰਸ਼ੁਰੂ ਵਿਚ ਨਰਮ ਹੁਕਨਾ ਕਰੇ ਬਹੁਤ ਚੰਗਾ ਹੈ ਅਰ ਦਸਤ ਬਹੁਤ ਪੂਰੇ ਮਾਦੇ ਪਕਣ ਤੋਂ ਪਿਛੋਂ ਦੇਵੇ ਅਰ ਤਪ ਵਾਲੇ ਦਿਨ ਸਿਕੰਜਬੀ ਅਰਗਰਮ ਪਾਣੀ ਨਾਲ ਤਪਤੋਂ ਪ-ਹਿਲਾਂ ਕੈ ਕਰਾਵੇ ਅਰ ਕੈ ਤੋਂ ਪਿਛੋਂ ਗੁਲਕੰਦ ਅਰ ਸੇਬ ਦਾ ਸ਼ਰਬਤ ਆਦਿਕ ਮੇਧੇ ਦੀ ਕੁਵਤ ਵਾਸਤੇ ਦੇਵੇ ਅਰ ਮਿਠ ਪਾਣੀ ਦਾ ਹਮਾਮ ਕਰਨਾ ਅਰ ਮਾਲਸ਼ ਨਫਾ ਕਰਦੀ ਹੈ ਅਰ ਚੌਥੇ ਤਪਾਂਵਲ ਵੇਖਕੇ ਜੈਸਾਸਮਝੇ ਇਲਾਜ ਕਰੇ ਅਰ

ਬੀਮਾਰ ਦੀ ਤਾਕਤ ਅਰ ਸੁਭਾ ਆਦਿਕ ਭੀ ਦੇਖ ਲਵੇ ਅਰ ਕਦੀ ਫੰਸਦ ਸਾਫਨ ਦੀ ਲੋੜ ਪੈਂਦੀ ਹੈ ॥

ਦੂਸਰੀ ਤਰਾਂ ਵੋਹ ਹੈ ਕਿ ਸਾਰੇ ਕਿਸਮਾਂ ਦੇ ਤਪਾਂ ਦਾ ਬਿਆਨ ਹੈ ਜੋ ਉਨਾਂ ਦੇ ਨਾਮ ਉਨਾਂ ਦੇ ਆਉਨੇ ਪਰ ਰਖਾ ਗਿਆ ਹੈ ਜੈਸੇ ਜੇਕਰ ਤਿੰਨ ਦਿਨ ਵਿਚ ਛਡਕਰ ਆਉਂਦਾ ਹੈ ਉਸਨੂ ਖਮਸ ਕਹਿੰਦੇ ਹਨ ਯਾਨੇ ਪੰਜਵਾਂ ਕਿਉਂਕਿ ਆਨੇ ਜਾਨੇ ਦੇ ਦਿਨ ਸਮੇਤ ਪੰਜਵਾਂ ਹੁੰਦਾ ਹੈ ਅਰ ਇਸੇ ਤਰਾਂ ਜੇ ਕਰ ਵਿਚਕਾਰ ਚਾਰ ਦਿਨ ਛਡ ਕਰ ਆਏ ਸਦਸ ਕਹੀਏ ਛੇ ਬੋਲਦੇ ਹਨ ਅਰ ਸਬਾ ਅਰ ਸਮਨ ਅਰ ਤਸਾ ਅਰ ਅਸਰ ਕੋ ਇਸੇ ਪਰ ਖਿਆਲ ਕਰੇ ਨਾਵੇਂ ਤੋਂ ਜਿਆਦਾ ਬਹੁਤ ਘਟ ਆਉਂਦਾ ਹੈ ਅਰ ਕਰਸੀ ਹਕੀਮ ਕਹਿੰਦਾ ਹੈ ਕਿ ਮੈਨੇ ਏਕ ਪੁਰਸ਼ ਕੋ ਦੇਖਾ ਉਸਨੂ ਤਪਦੀ ਵਾਰੀ ਅਠਾਰਵੇਂ ਦਿਨ ਇਕ ਵਾਰੀ ਆਈ ਸੀ ਅਰ ਇਸ ਫਕੀਰ ਨੇ ਭੀ ਏਕ ਔਰਤ ਕੋ ਦੇਖਾ ਹੈ ਕਿ ਉਸਨੂ ਤੇਰਾ ਦਿਨ ਪਿਛੋਂ ਤਪ ਚੜ ਗਿਆਹੈਸੀ ਅਰ ਇਸ ਸਬਬ ਸੇ ਜੋ ਇਸ ਕਿਸਮ ਦੇ ਤਪ ਬਹੁਤਿਆਂ ਹਕੀਮਾਂ ਦੀ ਨਜਰ ਵਿਚ ਆਏ ਹੈਨ ਇਨਾਂ ਤਪਾਂ ਤੋਂ ਜਾਲੀਨੂਸ ਦਾ ਮੁਕਰਨਾ ਯਾ ਨਾ ਮਾਨਨਾ ਪੂਰੇ ਇਤਬਾਰ ਸੇ ਨਹੀਂ ਅਰ ਹਾਲ ਯੇਹਹੈ ਕਿ ਇਨਾਂ ਤਪਾਂ ਦੇ ਨਾ ਮੰਨਨੇ ਦੀ ਉਸਦੇ ਪਾਸ ਕੋਈ ਦਲੀਲ ਨਹੀਂ ਹੈ ਸਿਵਾ ਇਸਗਲ ਦੇ ਕਿ ਮੈਂ ਨਹੀਂ ਇਸ ਕਿਸਮਦਾ ਤਪਦੇਖਿਆ ਭਾਵੇਂ ਉਸਨੇ ਨਾ ਦੇਖਿਆ ਉਸ ਦਾ ਨਾ ਦੇਖਣਾ

ਨਾ ਹੋਣ ਦੀ ਦਲੀਲ ਨੂ ਤਸੱਲੀ ਨਹੀਂ ਕਰਦਾ ਗਲ ਕਾਹਦੀ ਕਿ ਇਨ੍ਹਾਂ ਤਪਾਂ ਦਾ ਮਾਦਾ ਭੀ ਵੋਹੀ ਚੌਥੇ ਦਾ ਮਾਦਾਹੈ ਪਰ ਬਹੁਤਾ ਗਾੜ੍ਹਾ ਅਰ ਬਹੁਤ ਘਟ ਅਰ ਏ ਤਪ ਸੌਦਾਵੀ ਬਲਗਮੀ ਸੇ ਅਕਸਰ ਉਪਜਤਾ ਹੈ ਅਰਬੁਕਰਾਤ ਦਾ ਕਹਿਨਾ ਏਹ ਹੈ ਕਿ ਖਮਸ ਕਹੀਏ ਪੰਜਵਾਂ ਸਾਰਿਆਂ ਕਿਸਮਾਂ ਨਾਲੋਂ ਬਹੁਤਬੁਰਾ ਹੈ ਕਿਉਂਕਿ ਕਦੀ ਦਿਕ ਅਰ ਸਿਲਕਾ ਝਗੜਾ ਹੈ ਅਰ ਕਦੀ ਉਸਦੇ ਪਿਛੋਂ ਪੈਦਾ ਹੁੰਦਾ ਹੈ ਅਰ ਬੂਅਲੀ ਕਹਿੰਦਾ ਹੈ ਕਿ ਬੁਕਰਾਤਦੀ ਮੁਰਾਦ ਮੁਤਲਕ ਖਮਸ ਸੇ ਨਹੀਂ ਸਗੋਂ ਏਹ ਹੈ ਕਿ ਬਾਜੇ ਖਮਸ ਦੇ ਤਪ ਔਰ ਤਪਾਂ ਨਾਲੋਂ ਬਹੁਤ ਬੁਰੇ ਹੈਨ ਇਲਾਜ ਇਨ੍ਹਾਂ ਤਪਾਂ ਦੀ ਬੀ ਓਹੀ ਤਦਬੀਰ ਹੈ ਜੋ ਚੌਥੇ ਤਪ ਵਿਚ ਗੁਜਰ ਚੁਕੀ ਅਰ ਇਸ ਸਬਬਸੇ ਕਿ ਮਾਦਾ ਬੜਾ ਗਾੜ੍ਹਾ ਹੁੰਦਾਹੈ ਮੁਲੈਮੀ ਦੀ ਬਿਧ ਵਿਖੇ ਬੜਾ ਯਤਨ ਕਰੇ ਪਰ ਬਹੁਤ ਗਰਮ ਚੀਜਾਂ ਅਰ ਤਕੜੇ ਜਲਾਬ ਨਾ ਦੇਵੇ ਅਤੇ ਜੇਕਰ ਬੀਮਾਰ ਮੋਟਾ ਅਰ ਬਹੁਤ ਖਾਨੇ ਵਾਲਾ ਹੈ ਬਲਗਮ ਦੇ ਨਿਕਾਲਨ ਵਿਚ ਯਤਨ ਕਰੇ ਅਰ ਜੇਕਰ ਲਿਸਾ ਅਰ ਨਤਾਕਤ ਹੈ ਤਾਂ ਸੜਿਆ ਸੌਦਾ ਕਢਣੇ ਵਿਚ ਧਿਆਨ ਕਰੇ ਅਰ ਮਾਦਾ ਪਕਣ ਤੋਂ ਪਹਿਲਾ ਕੋਈ ਝਾੜ ਨਾ ਦੇ ਅਰ ਗਜਾਵਾਂ ਮਿਜ਼ਾਜ ਦੀ ਗਰਮੀ ਅਰ ਸਰਦੀ ਦੇ ਮੁਆਫਿਕ ਵਰਤ ਲੇਵੇ ਜਿਸਤਰਾਂ ਕਿ ਅਸੀ ਦਸ ਚੁਕੇਹਾਂ ਅਰ ਵਾਰੀ ਵਾਲੇ ਦਿਨ ਕੈ ਜ਼ਰੂਰ ਕੀਤਾ ਕਰੇ ਉਨ੍ਹਾਂ ਚੀਜਾਂ ਨਾਲ ਜੇੜੀਆਂ ਬਲਗਮੀ ਵਿਚ

ਗੁਜ਼ਰੀਆਂ ਅਰ ਗੁਲਕੰਦ ਤੇ ਸਕੰਜਬੀ ਜਿਸ ਵਿਚ ਖਟਿ-ਯਾਈ ਘਟ ਹੋਵੇ ਚੰਗੀ ਹੈ ਦੇ ਦੇਵੇ ॥

ਮਕਾਲਾ ਉਨਾਂ ਮੁਰਕਬ ਤਪਾਂ ਦੇ ਬਿਆਨ ਵਿਚ ਹੈ ਜਿਨਾਂ ਦਾ ਕੋਈ ਨਾਮ ਨਹੀਂ ॥ ਅਰ ਇਨਾਂ ਮੁਰਕਬ ਤਪਾਂ ਦੇ ਕਿਸਮ ਬਹੁਤੇ ਹੈਨ ਇਨਾਂ ਦਾ ਹਟਾਉਨਾ ਬੜਾ ਮੁਸ਼ਕਲ ਹੈ ਕਿਉਂਕਿ ਤਪਾਂ ਦੀਆਂ ਜਿਨਸਾਂ ਬਹੁਤੀਆਂ ਹੈਨ ਅਰ ਜੋ ਫਰਕ ਉਨਾਂ ਵਿਚ ਪੈਂਦਾ ਹੈ ਉਨਾਂ ਦੀ ਕੁਛ ਗਿਣਤੀਨਹੀਂ ਕਦੀ ਤਾਂ ਐਸੇ ਦੋ ਤਪ ਰਲ ਜਾਂਦੇ ਹੈਨ ਕਿ ਇਕਦੂਸਰੇ ਦੀ ਜਿਨਸ ਤੋਂ ਬਹੁਤ ਦੁਰਾਡੇ ਹੈਨ ਜੈਸੇ ਦਿਕਅਰਅਫੂਨੀਅਰ ਕਦੀ ਇਕ ਜਿਨਸ ਦੇਤਪਦੋ ਰਲ ਜਾਂਦੇ ਹੈਨਜੈਸੇ ਅਫੂਨੀ ਅਫੂਨੀ ਦੇ ਨਾਲ ਚਾਹੇ ਇਕ ਤਰਾਂ ਦੇ ਹੋਨ ਜੈਸੇ ਦੋ ਤਪ ਰਲਜਾਂਦੇ ਹਨ ਜਿਸ ਨੂ ਹਿੰਦੀ ਵਿਚ ਦੁੰਦਜ ਕਹਿੰਦੇ ਹਨ ਅਰ ਇਨਾਂਦੇ ਸਿਵਾ ਚਾਹੇ ਉਨਾਂ ਦੀ ਤਰਾਂ ਵਿਚ ਬਦਲ ਜਾਏ ਜੈਸੇ ਤਪ ਨੇਤਕੀ ਚੌਥੇ ਦੇ ਨਾਲ ਰਲ ਜਾਨ ਯਾ ਮੁ-ਤ ਕਾਂ ਦੇ ਨਾਲ ਅਰ ਕਦੀ ਇਸ ਤਰਕੀਬ ਵਿਚ ਇੰਤ ਜਾਮ ਹੁੰਦਾ ਹੈ ਜੈਸੇ ਦੋ ਗਬ ਮੁਰੱਕਬ ਹੋਨ ਫਿਰ ਬਲ਼ਗਮੀ ਦੀ ਵਾਰੀ ਵਰਗਾ ਰੋਜ ਆਇਆ ਕਰੇ ਅਰਏਸੇ ਤਰਾਂ ਜਦ ਤਿੰਨ ਰਬਾ ਇਕਠੇ ਹੋਜਾਂਦੇ ਸਨ ਨਾਇਬਾ ਵਰਗੀ ਰੋਜ ਵਾਰੀ ਆਉਂਦੀ ਹੈ ਅਰ ਇਸੇ ਤਰਾਂ ਬਹੁਤਿਆਂ ਤਪਾਂ ਦੇ ਰਲਨ ਵਿਚ ਜੋ ਵੇਲੇ ਮੁਕਰਰ ਪਰ ਆਂਉਂਦੇ ਹਨ ਅਰ ਜਿਸ ਚੀਜ ਨਾਲ ਕਿ ਹਰਇਕ ਮੁਰੱਕਬਹੈ ਜ਼ਾਹਿਰ ਮਾਲੂਮ

ਹੋਸਕਦਾ ਹੈ ਅਰ ਕਦੀ ਮੁਖਤਲਿਫ ਹੁੰਦੇ ਹੈਨ ਯਾਨੇ ਬੇ ਇੰਤਜ਼ਾਮ ਜੈਸੇ ਇਕ ਤਪ ਲਾਜ਼ਮ ਹੋ ਅਰ ਟੁਟ ਜਾਏ ਅਰ ਆ ਦਬਾਏ ਬਿਨਾ ਇੰਤਜ਼ਾਮ ਅਰ ਬੇ ਹਿਸਾਬੇ ਸੇ ਨਾਮ ਨਹੀਂ ਰਖਾ ਜਾਂਦਾ ਐਸੇ ਤਪ ਨੂੰ ਮੁਖਤਲਿਫ ਕਹਿੰਦੇ ਹਨ ਅਰ ਸਮਝ ਲੈ ਕਿ ਤਪਾਂ ਦੀ ਤਰਕੀਬ ਯਾ ਤਾਂ ਮਦਾ-ਖਲਤ ਕੇ ਤਰੀਕੇ ਨਾਲਹੈ ਯਾ ਮੁਬਾਦਲੇ ਕੇ ਤਰੀਕੇ ਪਰ ਯਾ ਮੁਸਾਰਕਤ ਕਹੀਏਸਾਂਝ ਦੇ ਤਰੀਕੇ ਨਾਲ ਸੋ ਤਰਕੀਬ ਮਦਾਖਲਾ ਵੋਹ ਹੈਕਿ ਅਬੀ ਇਕ ਤਪ ਸਰੀਰ ਵਿਚ ਹੋਵੇ ਕਿ ਦੂਸਰਾ ਤਪ ਆਨ ਕਰ ਦਾਖਲ ਹੋ ਜਾਵੇ ਫੇਰ ਜ਼ਰੂਰ ਸਖਤ ਦੁਖ ਹੋਨ ਤਰਕੀਬ ਮੁਬਾਦਲਾ ਵੋਹਹੈ ਕਿ ਜਦ ਇਕ ਟੁਟ ਜਾਏ ਤਾਂ ਦੂਜਾ ਆਏ ਖਾਹ ਅਲਗ ਹੋਵੇ ਹੈਖਾਹਦੇਰਕੇ ਬਾਦ॥ ਔਰ ਤਰਕੀਬ ਮਸਾਰ ਕਿ ਵੋਹ ਹੈ ਕਿ ਦੋਨੋ ਤਪ ਇਕਠੇ ਹੋਨ ਚਾਹੇ ਦੋਨੋ ਸਾਥੇ ਸਾਥ ਹੀ ਹਟ ਜਾਣ ਯਾ ਨਾਂ ਹੋਨ ਅਰ ਮਸਾਰਕਤ ਕੋ ਮੁਸਾਬਕਤ ਕਹਿੰਦੇ ਹਨ ਮਦਾਖ-ਲਤ ਕੀ ਸਖਤੀ ਸੇ ਗਲ ਕਾਹਦੀ ਕਿ ਇਨਾਂ ਤਪਾਂਦੇ ਪ-ਹਿਚਾਨਨੇ ਵਿਚ ਬੜੀ ਦਾਨਾਈ ਚਾਹੀਦੀ ਹੈ ਕਿ ਗਲਤੀ ਨਾ ਪਵੇ ਖਾਸਕਰ ਅਫੂਨੀ ਜੋ ਦਿਕ ਕੇ ਨਾਲ ਰਲ ਜਾਂਦਾ ਹੈ ਉਸਦਾ ਪਹਿਚਾਨਨਾ ਬੜਾ ਔਖਾ ਹੈਇਸੇਵਾਸਤੇ ਹਕੀਮਾਂਨੇ ਕਹਾਹੈ ਕਿਤਪਦੀਆਂ ਵਾਰੀਆਂ ਪਰ ਨਿਸਚਾ ਨਾ ਕਰਨਾਚਾ ਹੀਏ ਕਿਉਂਕਿਤਰਕੀਬਦੇਵੇਲੇਆਪਸਮੇਇਖਤਲਾਫ ਪੈਂਦਾ ਹੈ ਅਰ ਵਾਰੀ ਦਾ ਕੋਈ ਇਤਬਾਰ ਨਹੀਂ ਰਹਿੰਦਾ ਸੋ ਇਸ

ਜਗਾ ਦੂਸਰੇ ਦੁਖਾਂ ਸੇ ਜੋ ਹਰਇਕ ਨੂੰ ਖਾਸ ਕਰਕੇ ਹੈ ਪਹ-ਚਾਨਣਾ ਚਾਹੀਏ ਅਰ ਸਮਝਣਾ ਚਾਹੀਏ ਕਿ ਜਿਸ ਵੇਲੇ ਕਿ ਤਪ ਅੱਵਲ ਵਾਰੀ ਹਲਾਏ ਅਰ ਠਹਿਰ ਜਾਏਔਰਕਛੁ ਮੁੜ੍ਹਕਾਂ ਨਾ ਆਏ ਯਾ ਤਪ ਦੇਅੰਦਰ ਹਰ ਵੇਲੇ ਸਰਦੀਅਰ ਕਾਂਬਾ ਫਿਰ ਆਏ ਅਰ ਦੋ ਤਿੰਨਾਂ ਕਾਂਬਿਆਂ ਦੇ ਪਿੱਛੋਂ ਇਕ ਵੇਰੀ ਮੁੜ੍ਹਕਾ ਆਵੇ ਹੁਕਮ ਕਰਨਾਚਾਹੀਏ ਕਿ ਤਪਮੁਰੱਕਬ ਹੈ ਅਰ ਐਸਾ ਹੈ ਕਿ ਤਪ ਮੁਤਬਕਾ ਮੈਂ ਕਾਂਬਾ ਤਕੜਾ ਹੋਵੇ ਅਰ ਉਸਦੀ ਮੁਦਤ ਅਰ ਹਥਾਂ ਪੈਰਾਂ ਦੇ ਸਰਦਰਹਿਣੇਦੀ ਮੁਦਤ ਬਹੁਤ ਲੰਮੀ ਹੋਵੇ ਹੈ ਤਪ ਮੁਰੱਕਬ ਹੁੰਦਾ ਹੈ ਅਰ ਜਿਸ ਵੇਲੇ ਕਿ ਵਾਰੀਆਂ ਛੋਟੀਆਂ ਹੋਣ ਅਰਛੇਤੀਛੇਤੀ ਫਿਰ ਆਵੇ ਤਾਂ ਇਸ ਬਾਤ ਦੀ ਦਲੀਲ ਹੈਕਿ ਸਬਬ ਤਕੜਾ ਹੈ। ਅਰਮਾਦਾਬਹੁਤਾ ਤੇਜ਼ਹੁੰਦਾਹੈ ਅਰਯੇਜੋ ਏਕਜਮਾਤਕਾ ਕੌਲ ਹੈ ਕਿਦੱਤਵਲਾਜ਼ਮਮੁਰੱਕਬਨਹੀਂਹੋਂਦੇਮੁਅਤਬਿਰ ਨਹੀਂ।

ਇਲਾਜ ॥ ਬਹੁਤ ਸੋਚ ਨਾਲ ਤਰਕੀਬ ਦਾ ਹਾਲ ਮਾਲੂਮ ਕਰੇ ਫਿਰ ਉਸਦੇ ਮੁਵਾਫਿਕ ਜੋ ਕੁਛ ਕਿ ਉਸਦੇ ਹਵਾਲੇ ਵਿਚ ਲਿਖਿਆ ਹੈ ਤਰਕੀਬ ਦੇਕਰਵੇਲਾ ਅਰਹਾਲ ਦੀ ਰਿਆਇਤ ਨਾਲ ਅਮਲ ਵਿਚ ਲਿਆਵੇ ਅਰ ਜੇੜ੍ਹੇਤਪ ਕਿਬਹੁਤ ਤਕੜੇ ਅਰਡਰਵਾਲੇਹਨ ਅਰ ਜਿਨਕੀ ਨਿਸਬਤ ਉਸਦਾ ਹਟਾਉਣਾਂ ਵਾਜਬਸਮਝੇਅਰ ਏਹ ਸਾਰੀਆਂ ਗਲਾਂ ਸਿਆਣੇ ਹਕੀਮ ਦੀ ਰਾਇ ਪਰ ਰਖੀ ਹੈਂ ਜੋ ਕੁਛਮੁਨਾਸਬ ਜਾਣੇ ਕੰਮ ਵਿਚ ਲਿਆਵੇ ਅਰ ਮੁਰੱਕ ਤਪਾਂ ਵਿਚ ਅਰ

ਖਮਸ ਅਰ ਸਦਸ ਦੇ ਤਪਾਂ ਵਿਚ ਚੰਗਾ ਏਹ ਹੈ ਕਿ ਦਸਤ ਬਹੁਤ ਘਟ ਦੇਵੇ ਕਿ ਖਿਲਤਾਂ ਘਟ ਨਾ ਹੋਨ ਅਰ ਗਰਮੀਂ ਅਸਲੀ ਜੋੜਾਂ ਵਿੱਚ ਨਾ ਲਗਜਾਏ ਅਰ ਦਿਕ ਵਿਚ ਨਾਂ ਪਾ ਦੇਵੇ ਅਰ ਜਿਥੇ ਕਿਤੇ ਕਿ ਤਪ ਖਿਲਤਾਂ ਦੇ ਸੜਨਨਾਲਹੋਵੇ ਕਈ ੨ ਦਸਤਕਰੇਂ ਅਰ ਅਰਾਮ ਵਿਚ ਬਹੁਤਾ ਯਤਨ ਨਾ ਕਰੇ ਅਰ ਅਸਰੀਯਾ ਅਰ ਅਗਜੀਆ ਮੈਸੇ ਜੋਕੁਛ ਬਾਰੀਕ ਹੋਵੇ ਵਰਤ ਲੇਵੇ ਕਿ ਖਿਲਤ ਨਾ ਸੜੇ ਅਰ ਹਰ ਸੂਰਤ ਵਿਚ ਜਿਗਰ ਤਿਲੀ ਕੀ ਤਾਕਤ ਲਾਜਮ ਸਮਝੇਅਰਜਿਤਨੇ ਕਾਨੂੰਨ ਕਿ ਉਤੇ ਗੁਜਰਚੁਕੇਏਥੇਭੀਉਂਨਾਦੀਰਿਆਇਤਰਖੇ ॥ ਫਾਇਦਾ ॥ ਮੁਰੱਕਬ ਤਪ ਜੋ ਖਾਸਕਰ ਇਕਨਾਮ ਦੇ ਹੈਨ ਉਨਾਂ ਵਿਚੋਂ ਸਤਰਅਲਗਿਬ ਹੈ ਅਰ ਗਬ ਗੈਰ ਖਾਲਸਾ ਹੈ ਅਰ ਉਨਾਂ ਨੂੰ ਪਹਿਲੇ ਮਕਾਲੇ ਵਿੱਚ ਵਖੋ ਵਖਰਾ ਜਿਕਰ ਕੀਤਾ ਹੈ ਅਰ ਬਹੁਤੇ ਫਾਇਦੇ ਜੋ ਮੁਰਕਬਾਂ ਦੇ ਇਲਾਜ ਵਿਚ ਲੋੜ ਹੈ ਓਥੇ ਲਿਖਿਆ ਹੈ ਜਿਸ ਵੇਲੇ ਮੁਰੱਕਬਾਂ ਦੀ ਤਦਬੀਰ ਦੀ ਲੋੜ ਹੋਵੇ ਉਸਨੂੰ ਦੇਖ ਲਵੇ ॥

ਮਕਾਲਾ ਉਨਾਂ ਤਪਾਂ ਦੇ ਬਿਆਨਵਿੱਚ ਜੋਸੋਜਦੇ ਨਾਲਪੈਦਾ ਹੋਵੇ॥ਏਹਦੋਤਰਾਂਦਾਹੁੰਦਾਹੈ ਕਿਉਂਕਿਸੋਜ ਭੀ ਦੋ ਤਰਾਂ ਦੀ ਹੁੰਦੀਹੈ ਇਕ ਤਾਂ ਵੋਹ ਹੈ ਕਿ ਜ਼ਾਹਿਰਬਦਨਮੈਆਵੇਹੈਦੂਸਰੇ ਯੇਹ ਕਿ ਸਰੀਰ ਦੇ ਅੰਦਰ ਉਤਪਤਿ ਹੋਵੇ ਸੋ ਜੇੜਾ ਤਪ ਬਾਹਰਲੀ ਸੋਜ ਨਾਲ ਪੈਦਾ ਹੁੰਦਾਹੈ ਪਹਿਲਾਂ ਤਾਂ ਨੇਤਕੀ ਤਪ ਦੀ ਜਿਨਸ ਨਾਲ ਪੈਦਾ ਹੋਤਾ ਹੈ ਜੈਸਾ ਕਿ ਹਮੀ ਮਖ਼

ਵਰਮੀ ਵਿਚ ਦਸਿਆ ਗਿਆ ਹੈ ਅਰ ਇਨਾਂ ਵਰਮਾਂ ਦੇ ਸਬੱਬ ਬਹੁਤੇ ਸਬੱਬ ਬਾਵੀਧਾ ਹੁੰਦੇ ਹੈਨ ਜੈਸੇ ਜ਼ਖਮ ਅਰ ਸਕਤਾ ਅਰ ਜਰਬਾ ਅਰ ਜਿਸਵੇਲੇ ਧੋਹਤਪਧੋਮ ਹੈ ਅਪਨੇ ਆ ਲ ਸੇ ਫਿਰ ਕਰ ਦੂਸਰੀ ਜਿਨਸ ਹੋ ਜਾਤੀ ਹੈ ਉਸਦਾ ਸਬਬ ਏ ਹੋਤਾ ਹੈ ਕਿ ਵਰਮ ਮੁਸ਼ਕਲ ਅਰ ਮਾਦਾ ਬਹੁਤ ਅਰ ਬੁਰਾ ਅਰ ਸੱਮੀ ਕਹੀਏ ਜ਼ਹਿਰੀ ਹੋ ਜਾਤਾ ਹੈ ਅਰ ਐਸਾ ਹੀ ਭਰਭੂਰੀ ਦੇ ਸਬੱਬ ਪਿਛਲੇ ਸੇ ਹਾਸਲ ਹੁੰਦਾ ਹੈ ਅਰ ਇਸ ਤਪ ਦੇ ਲੱਛਨ ਏਹ ਹੈਂ ਕਿ ਜ਼ਹਿਰੀ ਪਹਿਲਿਆਂ ਜੋੜਾਂ ਵਿਚ ਪੁਰ ਹੋਨਾ ਰਾਨ ਦੀ ਜੜ ਅਰ ਬਗਲ ਵਿਚ ਅਰ ਕਾਨ ਦੇ ਪਿੱਛੇ ਵਰਮ ਦਿਸੇ ਅਰ ਉਸਦੇ ਪੀਛੇ ਤਪ ਪੈਦਾ ਹੋ ॥ ਇਲਾਜ ॥ ਇਸ ਕਿਸਮ ਦੀ ਤਦਬੀਰ ਹਮੀ ਧੋਮ ਵਰਮੀ ਵਿਚ ਵੇਰਵੇ ਨਾਲ ਲਿਖੀ ਗਈ ਅਰ ਵਰਮ ਮੁਗਾਬਨਅਰ ਤਾਊਨ ਮੈਂ ਭੀ ਦਸਿਆ ਜਾਏਗਾ ਅਰ ਜੇੜੇ ਤਪ ਅੰਦਰਲੇ ਵਰਮ ਦੀ ਤਾਬਿਆ ਨਾਲ ਉਪਜਤੀ ਹੈ ਅਰ ਤਪ ਅਫਨੀ ਹੁੰਦਾ ਹੈ ਅਰ ਜਿਸ ਕਦਰ ਵਰਮ ਕੇ ਹੋਨੇ ਸੇ ਜੋੜ ਦੇ ਦਿਲਸੇ ਨੇੜੇ ਅਰ ਦੂਰ ਹੁੰਦੇ ਹੈਨ ਉਸੇ ਦੇ ਮੁਆਫਿਕ ਇਸਤਪਦੀ ਸਖਤੀ ਅਰ ਆਸਾਨੀ ਹੁੰਦੀ ਹੈਅਰ ਜੈਸਾ ੨ ਮਾਦਾ ਹੁੰਦਾ ਹੈ ਅਰ ਜੈਸਾ ਉਸਦਾ ਵਾਧਾ ਘਾਟਾ ਅਰ ਰਿਕਤ ਕਹੀਏ ਬਾਰੀਕੀ ਅਰ ਗੰਦ ਹੁੰਦਾ ਹੈ ਓਸੇ ਮੁਆ ਫਿਕ ਇਨਾਂ ਤਪਾਂ ਦੀਆਂ ਵਾਰੀਆਂ ਦੀ ਸਖਤੀ ਅਰ ਹੌਲਾ ਪਨ ਅਰ ਘਾਟੇ ਵਾਧੇ ਆਦਿਕ ਵਿਚ ਹੁੰਦੇ ਹੈਂ ਅਰ ਜਿਤਨੇ

ਤਪ ਜੋ ਸੋਜ ਅੰਦਰਲੀ ਦੀ ਤਾਬਿਆ ਉਪਜਤੇ ਹੈਂ ਉਨਾਂ ਦੀਆਂ ਬਹੁਤੀਆਂ ਤਰਾਂ ਹੈਨ ਅਰ ਬਾਜੀ ਸੋਜ ਅੰਦਰਲੀ ਦਾ ਇਕ ਨਾਮ ਖਾਸਹੈ ਅਰ ਬਾਜਿਆਂ ਦਾਨਹੀ ਸੋ ਜਿਸ ਦਾ ਨਾਮ ਖਾਸ ਹੈ ਵੋਹਸਰਸਾਮਹੈਅਰਬਰਸਾਮਅਰਖਨਾਕ ਅਰ ਜਾਤਲਜੰਮ ਔਰ ਸੋਸਾ ਅਰ ਜਾਤਅਲਰੀਧਾ ਅਰ ਜਾਤਲ ਸਦਰਅਰ ਜਾਤਲ ਅਰਜ ਅਰ ਜਿਨਕਾ ਨਾਮ ਨਹੀਂ ਵੋਹ ਭੀ ਬਹੁਤ ਹੈ ਮਸਲਨ ਵੋਹ ਤਾਪ ਕਿ ਦਰਦ ਜਿਗਰ ਅਰ ਦਰਦ ਤਿਲੀ ਅਰ ਵਰਮ ਮੇਧਾ ਅਰ ਵਰਮ ਆਂਦਰਾਂ ਅਰ ਵਰਮ ਰੁਰ[illegible] ਅਰ ਵਰਮ ਮਸਾਨਾ ਅਰ ਵਰਮ ਰਿਹਨ ਦੇ ਸਬੱਬ ਪੈਦਾਹੋਨ ਅਰ ਇਨਾਂ ਤਪਾਂ ਦੇ ਇਲਾਜ ਵਾ ਨਿਸਾਨ ਭੀ ਵੋਹੀ ਹੈਂ ਕਿ ਇਕ ਇਕ ਜੋੜਾਂ ਦੇ ਬਾਬ ਵਿਚ ਲਿਖੇ ਹੈਨ ਖੂਬ ਵੇਰਵੇ ਨਾਲ ॥ ਅਰ ਸਮਝਨਾ ਚਾਹੀਏ ਕਿ ਇਨਾ ਤਪਾਂ ਵਿਚ ਸਰਦ ਪਾਨੀ ਪਿਲਾਨਾ ਅਰ ਆਬਜ਼ਨ ਵਿਚ ਬਠਲਾਨਾ ਅਰ ਹਮਾਮ ਵਿਚ ਜਾਨੇ ਕੀ ਇਜਾਜਤ ਕੁਛ ਨਹੀ ਅਰ ਜਿਥੇ ਕਿਤੇ ਕਿ ਵਰਮ ਖੂਨੀ ਯਾ ਸਫਰਾਵੀ ਹੋ ਜੇਕਰ ਖੁਰਫਾ ਅਰ ਕਾਹੂ ਅਰ ਹਰੇ ਧਨੀਏ ਦੇ ਪਾਨੀ ਵਿਚ ਥੋੜਾ ਜੇਹਾਜਵਾਂਦਾ ਆਟਾਰਲਾਕਰ ਉਸਵਿਚ ਪਪੜਾ ਸਰਦ ਕਰੇਅਰਜੋੜਾਂ ਪਰ ਜਿਥੇ ਵਰਮਹੈ ਰਖਦੇਰਹੇਂ ਦੁਰੁਸਤ ਹੈ।

ਮਕਾਲਾ ਤਪ ਵਬਾਈ ਦੇ ਬਿਆਨ ਵਿਚ ॥

ਅਰ ਵਬਾ ਦਾ ਅਰਥ ਹਵਾਹੈ ਅਰ ਹਵਾ ਵਿਚ ਫਰਕ ਆ- ਉਨਾ ਜਿਸ ਨੂ ਬਵਾ ਭੀ ਕਹਿੰਦੇ ਹਨ—ਅਰ ਸਮਝਨਾ ਚਾ-

ਹੀਏ ਕਿ ਜੈਸਾ ਪਾਨੀ ਇਕ ਜਗਹ ਬਹੁਤ ਬੰਦ ਰਹਿਨੇ
ਯਾ ਕਿਸੀ ਚੀਜ ਕੇ ਮਿਲਨੇ ਸੇ ਗੰਦਾ ਹੋਜਾਤਾ ਹੈ ਵੈਸੇ
ਹੀ ਹਵਾ ਭੀ ਬਹੁਤਾ ਚਿਰ ਦਰਖਤਾਂ ਵਿਚ ਅਰ ਘਿਹਰਾਉ
ਵਿਚ ਰਹਿਨੇ ਕਰਕੇ ਅਰ ਬੁਰੇ੨ ਬੁਖਾਰੋਂ ਸੇ ਅਰ ਦਖ਼ਾਨਾਤ
ਕੇ ਮਿਲਨੇ ਸੇ ਗੰਦੀ ਹੋਜਾਤੀ ਹੈ ਅਰ ਜਿਸ ਹਵਾ ਵਿਚ ਰਤੂ
ਬਤ ਬਹੁਤੀ ਹੁੰਦੀ ਹੈ ਖੁਸ਼ਕ ਹਵਾ ਸੇ ਉਸ ਵਿਚ ਛੇਤੀ ਗੰਦ
ਹੋਜਾਂਦਾ ਹੈ ਇਸੀ ਵਾਸਤੇ ਤਾਬਸਤਾਨ ਯਾਨੇ ਗਰਮੀ ਦੀ
ਬਹਾਰ ਵਿਚ ਜੋ ਹਵਾ ਗਰਮ ਤੇ ਖੁਸ਼ਕ ਹੁੰਦੀ ਹੈ ਵਬਾ ਬੜੀ ਘਟ
ਹੁੰਦੀ ਹੈ ਅਰ ਪਰਗਟ ਹੈ ਜੋ ਸਰੀਰਾਂ ਅਰ ਰੂਹਾਂ ਵਿਚ ਹਵਾ ਦਾ
ਪੂਰਾ ਅਸਰ ਹੁੰਦਾ ਹੈ ਫਿਰ ਜਦ ਉਨਾਂ ਵਿਚ ਗੰਦ ਆਉਂਦਾ
ਹੈ ਖਿਲਤਾਂ ਭੀ ਛੇਤੀ ਗੰਦੀਆਂ ਹੋਜਾਂਦੀਆਂ ਹਨ ਖਾਸ ਕਰ
ਓਹ ਖਿਲਤਾਂ ਜੋ ਦਿਲ ਦੇ ਉਦਾਲੇ ਹੈਨ ਅਰ ਹਵਾ ਦਾ
ਫਸਾਦ ਉਸ ਸਖਸ ਨੂ ਬਹੁਤਾ ਅਸਰ ਕਰਦਾ ਹੈ ਕਿ ਭੋਗ
ਬਹੁਤਾ ਕਰੇ ਅਰ ਉਸਦੀ ਤਾਕੜੀ ਨਤਾਕਤ ਹੋਵੇ ਅਰ ਮੁਸਾਮ
ਖੁਲੇ ਹੋਨ ਅਰ ਸਰੀਰ ਵਿਚ ਖਿਲਤਾਂ ਰਦੀ ਭਰੀਆਂ ਹੋਈਆਂ
ਹੋਨ ਅਰ ਵਬਾ ਆਨੇ ਕੋ ਨਿਸ਼ਾਨ ਯੇਹੈਂ ਕਿ ਉਸ ਸਾਲ ਦੀਆਂ
ਫਸਲਾਂ ਅਪਨੇ ਸੁਭਾ ਪਰ ਨਾ ਹੋਨ ਅਰ ਬੋਦੀ ਵਾਲੇ ਤਾਰੇ ਹੁਤੇ
ਚੜਨ ਅਰ ਹਵਾ ਸਿਲਾਬੀ ਹੋਵੇ ਅਰ ਕੀੜੇ ਮਕੌੜੇ ਸੱਪ ਆਦਿਕ
ਬਹੁਤ ਨਿਕਲਨ ਅਰ ਬਾਰਸ ਘਟ ਹੋਵੇ ਅਰ ਹਵਾ ਵਿਚ ਖਰਾਬੀ
ਅਰ ਇਕ ਦਿਨ ਹਵਾ ਵਿਚ ਗਰਦ ਗੁਬਾਰ ਹੋਵੇ ਇਕ ਦਿਨ ਨਾ
ਹੋਵੇ ਅਰ ਸਮੇਸ਼ਾ ਬਦਲ ਨਾ ਹੋਣ ਅਰ ਦਿਨ ਵਿਚ ਗਰਮ

ਰਾਤ ਨੂ ਸਰਦੀ ਜ਼ਿਮੀ ਵਿਚ ਰਹਿਣ ਵ ਾਲੇ ਜਾਨਵਰ ਜੈਸੇ ਚੂਹੇ ਆਦਿਕ ਜਮੀਨ ਵਿਚੋਂ ਭਜ ਭਜ ਨਿਕਲਨ ਸੋ ਏਹ ਸਭ ਨਿਸਾਨੀਆਂ ਵਬਾ ਆਉਨ ਦੀਆਂ ਹਨ ਪਰ ਜਰੂਰ ਹੀ ਵਬਾ ਗਰਮੀ ਦਾ ਮੌਸਮ ਬੀਤਿਆਂ ਆਉਂਦੀ ਹੈ ਅਰ ਤਪ ਮਾਰ ਦੇਣ ਵਾਲਾ ਪੈਦਾ ਕਰਦੀ ਹੈ ਨਿਸ਼ਾਨੀਆਂ ਵਬਾ ਦੀਆਂ ਪਰ ਕਦੀ ਸਾਰੀਆਂ ਇਕੋ ਆਦਮੀ ਵਿਚ ਪਰਗਟ ਹੁੰਦੀਆਂ ਹਨ ਅਰ ਕਦੀ ਕੋਈ ਕੋਈ ਸੋ ਏਹ ਹਨ ਕਿ ਬਾਹਰੋਂ ਪਿੰਡਾ ਬਹੁਤ ਗਰਮ ਨਾ ਹੋਵੇ ਅਰ ਅੰਦਰੋਂ ਭੜਕੀ ਬਹੁਤ ਹੋਵੇ ਅਰ ਗਮ ਤੇ ਫਿਕਰ ਅਰ ਬੇਕਰਾਰੀ ਹੋਵੇ ਅਰ ਸੁਆਸ ਜਿਸ ਤਰਾਂ ਹਮੇਸਾਂ ਆਉਣ ਉਸ ਤਰਾਂ ਨਾ ਆਉਣ ਜੈਸੇ ਕਿਸੇ ਨੂ ਛੇਤੀ ਛੇਤੀ ਅਰ ਕਿਸੇ ਨੂ ਖਿਚ ਕੇ ਅਰ ਕਿਸੇ ਨੂ ਉਚੇ ਉਚੇ ਆਉਣ ਲਗ ਪੈਣ ਅਰ ਕਈਆਂ ਨੂ ਸੁਆਸਾਂ ਵਿੱਚ ਬਦਬੋ ਆਉਂਦੀ ਹੈ ਸੋ ਜੇੜੀ ਸੁਆਸਾਂ ਵਿੱਚ ਬਦਬੋ ਆਉਣੀ ਹੈ ਏਹ ਮੌਤ ਦੀ ਨਿਸਾਨੀ ਹੈ ॥ ਅਰ ਕਦੀ ਮੁੜਕੇ ਵਿਚੋਂ ਬੀ ਬੋ ਆਉਂਦੀ ਹੈ ਅਰ ਨਬਜ ਭਾਰੀ ਅਰ ਕਾਹਲੀ ਅਰ ਪੇਸ਼ਾਬ ਕਾਲਾ ਅਰ ਸੁਚੇਤਾ ਨਰਮ ਅਰ ਬਲਗਮ ਵਾਲਾ ਤੇ ਬਦਬੂ ਵਾਲਾ ਅਰ ਬੁਰਾ ਜਿਹਾ ਰੰਗ ॥ ਅਰ ਲਿੱਫ ਵਧ ਜਾਵੇ ਅਰ ਜਲੋਧਰ ਵਾਕਰ ਢਿਡ ਵਧ ਜਾਵੇ ਅਰ ਉਬਾਕ ਆਉਣ ਅਰ ਕੈ ਸਫ-ਰਾਵੀ ਆਵੇ ਜਾਂ ਸੋਦਾਵੀ ਆਵੇ ਅਰ ਭੁਖ ਨਾ ਹੋਵੇ ਅਰ ਮੇਧੇ ਦਾ ਮੂਹ ਦਿਲ ਵਾਲੇ ਪਾਸਿਓਂ ਪੀੜ ਕਰੇ ਅਰ ਸੁਕੀ ਖੰਘ ਆਵੇ ਅਰ ਤੇਹ ਬਹੁਤ ਹੋਵੇ ਤੇ ਜ਼ਬਾਂਨ ਤੇ ਮੂਹ ਮੈ ਖੁਸ਼ਕੀ

ਹਮੇਸ਼ਾਂ ਰਹੇ ਅਰ ਮਸੂੜੇ ਤੇ ਮੂਹ ਅੰਦਰੋਂ ਫੂਲ ਜਾਏ ਅਰ ਨੀਂਦ ਨਾ ਆਵੇ ਅਰ ਅਕਲ ਵਿਚ ਫਰਕ ਆਵੇ ਹਡ ਪੈਰ ਸੁਸਤ ਅਰ ਕੁਬਤ ਘਟ ਜਾਵੇ ਅਰ ਗਸ਼ੀ ਪੈ ਜਾਵੇ ਅਰ ਲਾਲ ਲਾਲ ਢਿਮਣੀਆਂ ਸਰੀਰ ਉਪਰ ਨਿਕਲ ਆ-ਉਣ ਅਰ ਫੇਰ ਛਿਪ ਜਾਣ ਅਰ ਜਰੂਰ ਤਾਊਨ ਫੋੜਾ ਨਿਕਲ ਆਵੇ ਅਰ ਰਾਤ ਨੂ ਤਪ ਬਹੁਤ ਜੋਰ ਕਰੇ ॥

ਯਾਦਗੀਰੀ ॥ ਕਦੀ ਏਹ ਨਿਸ਼ਾਨੀਆਂ ਤਪ ਚੜ੍ਹਨ ਤੋਂ ਪਹਿਲੋਂ ਹੀ ਪਰਗਟ ਹੋ ਜਾਂਦੀਆਂ ਹਨ ਅਰ ਅੰਤ ਨੂ ਹਥ ਪੈਰ ਠੰਢੇ ਹੋਜਾਂਦੇਹਨ ਅਰਗਸੀ ਪੈਜਾਂਦੀਹੈ ਅਤੇ ਭਾਵੇਂ ਸਿਰਸਾਮ ਦੀ ਇਕ ਕਿਸਮ ਹੈ ਜਿਸ ਦਾ ਨਾਮ ਲੀਸਰ ਗੁਸ ਓਹ ਹੋ ਜਾਵੇ ਅਰ ਗਰਦਨ ਆਕੜ ਜਾਵੇ ਅਰ ਤਸੱਨਜ ਹੋਵੇ ਅਰ ਕਦੀ ਤਪ ਦੀ ਗਰਮੀ ਬਹੁਤ ਮਾਲੂਮ ਨਹੀਂ ਹੁੰਦੀ ਅਰ ਨਾ ਅੰਦਰ ਬਹੁਤ ਜਲਦਾ ਹੈ ਅਰ ਹਮੇਸਾਂ ਕੋਲੋਂ ਕੁਛ ਬਹੁਤ ਫਰਕ ਨਹੀ ਹੁੰਦਾ ਅਰ ਬੀਮਾਰ ਛੇਤੀਹੀ ਮਰ ਜਾਂਦਾ ਹੈ ਸੋ ਨਿਸਾਨੀ ਇਹ ਸਭਨਾਂ ਕੋਲੋਂ ਬਹੁਤ ਸਖਤ ਹੈ॥

ਅਰ ਜੇ ਕਦੀ ਇਸ ਨਿਸਾਨੀ ਨਾਲ ਤਾਊਨ ਫੋੜਾ ਬੀ ਨਿਕਲ ਆਵੇ ਤਾਂ ਬੀਮਾਰ ਜਰੂਰ ਹੀ ਮਰਜਾਂਦਾ ਹੈ ॥

ਪਰਮੇਸਰ ਇਨਾਂ ਬਲਾਂਵਾਂ ਕੋਲੋਂ ਬਚਾਈ ਰਖੇ ॥

ਇਲਾਜ ਜਿਸ ਵੇਲੇ ਤਪ ਵਬਾਈ ਪਰਗਟ ਹੋਵੇ ਤਾਂ ਛੇਤੀ ਹੀ ਜੋੜੀਆਂ ਖਿਲਤਾਂ ਸਰੀਰ ਵਿਚ ਵਧੀਕ ਨਜਰ ਆਉਣ ਉਨਾਂ ਨੂ ਨਿਕਾਲ ਦੇਵੇ ਅਰ ਮਾਦੇ ਪਕਾਉਣ ਤਕ

ਨਾਂ ਠਹਿਰੇ ਅਰ ਮਕਾਨ ਨੂ ਸਰਦ ਮੇਵਿਆਂ ਨਾਲ ਅਰ ਠੰਢੀਆਂ ਖੁਸਬੋਆਂ ਨਾਲ ਤਰ ਕਰੇ ਜੈਸੇ ਕਾਫੂਰ ਬਨਫਸ਼ਾ ਨੀਲੋਫਰ ਬੇਦਮੁਸ਼ਕ ਦੇ ਪੱਤ੍ਰ ਅਰ ਸੇਬ ਨਿੰਬੂ ਮਿਠੇ ਗੁਲਾਬ ਅਰ ਘੜੀਘੜੀ ਗੁਲਾਬ ਅਰ ਸਿਰਕਾ ਰਲਾਕਰ ਛਿਣਕਦੇ ਰਹੇਂਅਰ ਬਦੋਬਸਤ ਰਖੇ ਕਿ ਬਾਹਰ ਦੀ ਹਵਾ ਨ ਆਵੇ ਅਰਜਦਹਵਾਦੀਲੋੜਹੋਵੇਤਾਂਅੰਦਰਹੀ ਪੱਖਾ ਆਦਿਕ ਸੇਹਵਾ ਪੈਦਾਕਰਲਵੇ ਅਰ ਮਕਾਨਦੀ ਛੱਤ ਉਚੀ ਹੋਣੀ ਚਾਹੀਦੀ ਹੈ ਅਰ ਰਹਾਇਸ ਦੀ ਜਗਾ ਜਿੰਨੀ ਧਰਮੀ ਕੋਲੋਂ ਉਚੀ ਹੋਵੇ ਚੰਗੀਹੈ ਪਰ ਜਿਥੇ ਜਿਮੀਨ ਦੀ ਖਰਾਬੀ ਕਰਕੇ ਹਵਾ ਖਰਾਬ ਹੋਈ ਹੋਵੇ ਅਰ ਚਾਹੀਦਾ ਹੈ ਕਿ ਰੋਜ ਸਵੇਰੇ ਕੁਰਸ ਕਾਫੂਰ ਅੰਗੂਰਾਂ ਦਾ ਪਾਣੀ ਜਾਂ ਸੇਬਾਂ ਦਾ ਰੁਬ ਜਾਂ ਬੀਹ ਦਾ ਰੁਬ ਜਾਂ ਚਕੋਧਰੇ ਦਾ ਰੁਬ ਜਾਂ ਨਿੰਬੂ ਦਾ ਰੁਬ ਮਤਬਲ ਜੋ ਕੁਛ ਮਿਲਸਕੇ ਉਸ ਵਿਚ ਰਲਾਕੇ ਪੀਵੇ ਅਰ ਜੇਕਰ ਇਨਾਂ ਰੁਬਾਂ ਵਿਚੋਂ ਕੋਈ ਨਾ ਮਿਲੇ ਤਾਂ ਸਿਰਕਾ ਠੰਢੇ ਪਾਣੀ ਅਰ ਗੁਲਾਬ ਵਿਚ ਮਿਲਾਕੇ ਅਰ ਬਰਫ ਲਾਲ ਠੰਢਿਆਂ ਕਰਕੇ ਕੁਰਸ ਕਫੂਰ ਨਾਲ ਮਿਲਾਕੇ ਪਿਲਾਏ ॥ ਅਰ ਸਮਝ ਲਵੇ ਕਿ ਠੰਢਾ ਪਾਣੀ ਇਕ ਵਾਰੀ ਰੱਜਕੇ ਪੀਲਵੇ ਅਰ ਫੇਰ ਘੁਟ ਘੁਟ ਕਰਕੇ ਪੀ ਲਵੇ ਸਾਰਿਆਂ ਨ ਚੰਗਾ ਹੈ ॥ ਅਰ ਭੁਖਿਆਂ ਅਰ ਤਿਹਾਇਆਂ ਦੈਠਣਾ ਬਹੁਤ ਬੁਰਾ ਹੈ ਏਸੇ ਵਾਸਤੇ ਹਕੀਮਾਂਨੇ ਆਖਿਆ ਹੈ ਕਿ ਇਸ ਤਪ ਵਿਚ ਭਾਵੇਂ ਥੋੜੀਆਂ ਹੀ ਗਰਾਹੀਆਂ ਜੋਚੰਗੀਆਂ ਲਗਣ ਗਰੂਰ ਖਾਵੇ ਭਾਵੇਂ ਭੁਖ

ਨਾ ਬੀ ਹੋਵੇ ਅਰ ਚੰਨਣ ਅਨਾਰ ਦੇ ਛਿਲੜ ਬੇਦ ਮੁਸ਼ਕ ਦੇ ਪੱਤਰ ਅਰ ਮੌਂਢਿਆਂ ਦੇ ਪੱਤਰ ਆਬਨਸ ਮਾਈਦੀ ਲ-ਕੜ ਅਰ ਸੇ ਇਨਾਂ ਨੂ ਹਮੇਸ਼ਾਂ ਧੁਖਾਇਆ ਕਰੇਂ ॥ ਅਰ ਚੰਨਣ ਤੇਕਾਫੂਰ ਅਰ ਸਿਰਕਾ ਗੁਲਾਬ ਛਾਤੀਉਪਰਰਖਣਾ ਅਰ ਸ਼ੀਸ਼ੀਵਿਚ ਪਾਕੇ ਹਰਵੇਲੇਸੁੰਘਾਉਂਦਿਆਂ ਰਹਿਣਾਚੰਗਾ ਹੈ ਪਰ ਜੇਕਰ ਬਹੁਤ ਠੰਡ ਨਾਲ ਢਿੱਡ ਸਖਤ ਹੋਜਾਵੇ ਅਰ ਪਾਸੇ ਠੰਡੇ ਹੋਜਾਣਅਰ ਸੁਆਸਆਉਣਲਗਿਆਂ ਛਾਤੀ ਉਚੀ ਹੋ ਜਾਵੇ ਹੈ ਅਰ ਨੀਂਦ ਨ ਆਵੇ ਅਰ ਅਕਲ ਵਿਚ ਫਰਕ ਪੈਜਾਵੇ ਉਸ ਵੇਲੇ ਠੰਡੇ ਲੇਪ ਸੀਨੇ ਤੋ ਹਟਾ ਲਵੇ ਅਰ ਬੀਮਾਰ ਉਪਰ ਗਰਮ ਕਪੜਾ ਪਾਵੇ ਤਾਕਿ ਅੰਦਰੋਂ ਗਰਮੀ ਬਾਹਰ ਨਿਕਲ ਆਏ ॥ ਅਰ ਯਾਦ ਰਖਣਾ ਚਾਹੀਏ ਕਿ ਇਸ ਬੀਮਾਰੀ ਵਿਚ ਸਾਰੀਆਂ ਬਾਤਾਂ ਕੋਲੋਂ ਜਰੂਰੀ ਬਾਤ ਏਹ ਹੈ ਕਿ ਦਿਲ ਅਰ ਦਿਮਾਗ ਦੀ ਕੁਬਤ ਨਾਂ ਘਟੇ ਅਰ ਗੰਦਾਪਨ ਦੂਰ ਹੋ ਜਾਵੇ ॥ ਅਰ ਏਹ ਗੰਦੀ ਹਵਾ ਓਸ ਆ-ਦਮੀ ਨੂ ਬਹੁਤ ਛੇਤੀ ਅਸਰ ਕਰਦੀਹੈ ਕਿਜਿਸਦਾਮਿਜਾਜ਼ ਤਰ ਹੋਵੇ ਅਰ ਤਰਾਵਤ ਬਹੁਤ ਹੋਵੇ ਸੋ ਚਾਹੀਦਾ ਹੈਕਿ ਤਰ ਗਜਾਵਾਂ ਸੇ ਅਰ ਤਰ ਹਵਾਵਾਂਸੇ ਡਰਦੇ ਰਹੋ ਅਰ ਇਸੇਹੀ ਵਾਸਤੇ ਲਿਖਿਆ ਹੈ ਕਿ ਹਮੇਸ਼ਾ ਘਰ ਵਿਚ ਅਤਰ ਆਦਿਕ ਦੀ ਖੁਸ਼ਬੋ ਫੈਲਾਈ ਰਖੇ ਜੋ ਸਭ ਤਰਾਂ ਸੇ ਚੰਗੀ ਹੈ ਕਿ-ਉਂਕਿ ਖੁਸਬੋਦਾਰ ਚੀਜਾਂ ਦੇ ਬੁਖਾਰ ਹਵਾ ਨੂ ਬੀ ਸੁਧ ਕਰ ਦੇ ਹਨ ਅਰ ਏਸੇ ਤਰਾਂ ਦਿਲ ਅਰ ਦਿਮਾਗ ਨ ਛੀਕਬਤ